PUNJABI UNIVERSITY PATIALA

**ਐਮ.ਏ. (ਸਿੱਖ ਅਧਿਐਨ) ਭਾਗ-ਪਹਿਲਾ** **ਪਰਚਾ ਪਹਿਲਾ**

**ਸਮੈਸਟਰ-ਪਹਿਲਾ** **(Approaches to the Study of Religion)**

**ਯੂਨਿਟ ਨੰਬਰ : 1**

ਡਿਸਟੈਂਸ ਐਜੂਕੇਸ਼ਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

(ਸਭ ਹੱਕ ਰਾਖਵੇਂ ਹਨ)

**ਪਾਠ ਨੰਬਰ :**

1.1 : ਧਰਮ ਕੀ ਹੈ? ਸੁਭਾਅ ਅਤੇ ਸੀਮਾ

1.2 : ਧਰਮ ਵਿਧੀ ਤੇ ਖੇਤਰ

1.3. : ਧਰਮ ਦਾ ਨੈਤਿਕਤਾ, ਧਰਮ ਵਿਗਿਆਨ, ਧਰਮ-ਦਰਸ਼ਨ ਅਤੇ ਸਮਾਜ ਵਿਗਿਆਨ ਨਾਲ ਸੰਬੰਧ

1.4. : ਧਰਮ ਦਾ ਅਧਿਐਨ - ਧਰਮਾਂ ਦਾ ਇਤਿਹਾਸ-ਆਰੰਭ, ਵਿਕਾਸ ਅਤੇ ਆਧੁਨਿਕ ਰੁਝਾਨ

**ਪਾਠ ਨੰਬਰ : 1.1** **ਲੇਖਕ : ਡਾ. ਧਰਮ ਸਿੰਘ**

# ਧਰਮ ਕੀ ਹੈ? ਸੁਭਾਅ ਅਤੇ ਸੀਮਾ

**ਭੂਮਿਕਾ** :

ਧਰਮ ਦੀ ਆਮ ਪ੍ਰਚਲਤ ਅਤੇ ਮੰਨੀ ਹੋਈ ਪਰਿਭਾਸ਼ਾ ਅਨੁਸਾਰ ਕਿਸੇ ਅਦੁਤੀ ਸ਼ਕਤੀ ਵਿਚ ਵਿਸ਼ਵਾਸ਼ ਦਾ ਨਾਮ ਧਰਮ ਹੈ।"ਇਹ ਵਿਸ੍ਵਾਸ ਹੈ ਕਿ ਕੁਝ ਤਾਕਤਾਂ ਜੋ ਆਮ ਅਨੁਭਵ ਤੋਂ ਪਰੇ ਹਨ ਅਤੇ ਜਿਹੜੀਆਂ ਮਨੁੱਖ ਨੂੰ ਲਾਭ ਵੀ ਪਹੁੰਚਾ ਸਕਦੀਆਂ ਹਨ ਤੇ ਨੁਕਸਾਨ ਵੀ ।" ਵਿਉਂਤਪਤੀ ਤੋਂ ਧਰਮ Religion ਦਾ ਅਰਥ ਹੈ, ਬੰਨ੍ਹਣਾ (to bind) ਅਤੇ ਪੁਨਰਵਿਚਾਰ। ਇਸ ਤਰ੍ਹਾਂ ਧਰਮ ਉਹ ਜ਼ਰੀਆ ਹੈ ਜਿਸ ਰਾਹੀਂ ਮਨੁੱਖ ਇਸ ਸੰਸਾਰ ਨਾਲ ਜਾਂ ਸੰਸਾਰ ਵਿੱਚ ਬੰਨ੍ਹਿਆ ਹੋਇਆ ਹੈ। ਇਸ ਦਾ ਅਰਥ ਉਸ ਮਾਰਗ ਤੋਂ ਵੀ ਹੋ ਸਕਦਾ ਹੈ ਜਿਸ ਰਾਹੀਂ ਸਾਰੀਆਂ ਚੀਜ਼ਾਂ ਇਕ ਦੂਜੀ ਨਾਲ ਜੁੜੀਆਂ ਹੋਈਆਂ ਹਨ ਜਾਂ ਉਹ ਰਸਤਾ ਵੀ ਹੋ ਸਕਦਾ ਹੈ ਜਿਸ ਵਿਚ ਮਨੁੱਖ ਆਪਣੀਆਂ ਗੰਭੀਰ ਘੜੀਆਂ ਵਿਚ ਸੋਚਦਾ ਹੈ ਕਿ ਸੰਸਾਰ ਵਿਚ ਉਹ ਉਸ ਨਾਲ ਜੋ ਮਹੱਤਵਪੂਰਨ ਅਤੇ ਸਤਿ ਹੈ, ਕਿਸ ਤਰ੍ਹਾਂ ਬੰਨ੍ਹਿਆ ਹੋਇਆ ਹੈ।

ਧਰਮ ਦੇ ਬਹੁਤ ਸਾਰੇ ਰੂਪਾਂ ਦੇ ਇਤਿਹਾਸ ਰਾਹੀਂ ਇਸ ਦੇ ਸੁਭਾ ਦਾ ਅਧਿਐਨ ਕਰਨ ਨਾਲ ਅਸੀਂ ਵੇ ਖ ਸਕਦੇ ਹਾਂ ਕਿ ਕੁਝ ਸਾਂਝਾ ਹੈ ਜੋ ਸਾਨੂੰ ਇਸ ਦੇ ਰੂਪਾਂ ਵਿਚ ਲਾਜ਼ਮੀ ਤੌਰ ਤੇ ਮਿਲਦਾ ਹੈ ਅਤੇ ਅਜਿਹੀ ਖੋਜ ਨੂੰ ਅਸੀਂ 'ਧਰਮ' ਕਹਿ ਸਕਦੇ ਹਾਂ। ਸਹੀ ਪਰਿਭਾਸ਼ਾ ਉਹੀ ਹੈ ਜੋ ਤੱਥਾਂ ਅਨੁਸਾਰ ਢੁਕਵੀਂ ਬੈਠੇ। ਕਿਸੇ ਵੀ ਵਾਸਤਵਿਕ ਧਰਮ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ ਅਤੇ ਨਾ ਹੀ ਅਸਪਸ਼ਟ ਰੱਖਿਆ ਜਾ ਸਕਦਾ ਹੈ। ਇਸ ਦੇ ਨਾਲ ਹੀ ਧਰਮ ਵਿਚ ਕੁਝ ਅਜਿਹਾ ਜ਼ਰੂਰ ਹੋਣਾ ਚਾਹੀਦਾ ਹੈ ਜੋ ਇਸ ਨੂੰ ਅਨੁਭਵ ਦੇ ਦੂਸਰੇ ਰੂਪਾਂ ਤੋਂ ਵਖਰਿਆਂ ਕਰ ਸਕੇ, ਨਿਖੇੜ ਸਕੇ।ਧਰਮ ਵਰਗੇ ਵਿਸ਼ਵ ਵਿਆਪੀ ਅਤੇ ਯੁਗਾਂ ਲੰਬੇ ਅਨੁਭਵ ਦੀ ਪਰਿਭਾਸ਼ਾ ਅਨੁਭਵ-ਆਧਾਰਿਤ ਹੁੰਦੀ ਹੈ। ਪਰਿਭਾਸ਼ਾ ਦੀ ਪਰਖ ਇਸ ਦੀ ਉਸ ਸ਼ਕਤੀ ਵਿਚ ਹੋਵੇਗੀ ਜੋ ਇਸ ਨਾਲ ਸੰਬੰਧਿਤ ਅਨੁਭਵ ਦੇ ਲੇਖੇ-ਜੋਖੇ ਵਿਚ ਆ ਸਕੇ ਅਤੇ ਆਪਣੇ ਆਪ ਨੂੰ ਵਿਆਖਿਆ ਲਈ ਪੇਸ਼ ਕਰ ਸਕੇ।

ਧਰਮ ਇਕ ਨਿਸ਼ਚਾ ਹੈ ਜੋ ਮਨੁੱਖ ਦੀ ਆਪਣੇ ਅਨੁਭਵ ਨਾਲ ਵਿਆਖਿਆ ਕਰਨ, ਸਿਲਸਿਲੇਵਾਰ ਕਰਨ ਅਤੇ ਸੇਧ ਦੇਣ ਦੀ ਕੋਸ਼ਿਸ਼ ਵਿਚੋਂ ਨਿਕਲਦਾ ਹੈ। ਕੋਈ ਵੀ ਨਿਸ਼ਚਾ "ਕੀ ਹੈ?" ਦੀ ਸਿਰਫ ਵਿਆਖਿਆ ਹੀ ਨਹੀਂ ਹੈ। ਇਸ ਲਈ ਧਰਮ ਮੁੱਢਲੇ ਤੌਰ ਤੇ ਕਿਸੇ ਅਨੁਭਵ (experience) ਦੀ ਆਮ ਪੱਧਰ ਤੇ ਪਛਾਣ ਅਤੇ ਵਿਵੇਕ ਨਹੀਂ ਹੈ। ਨਾ ਹੀ ਧਰਮ ਕੇਵਲ ਮੁਲਾਂਕਣ ਹੈ ਅਤੇ ਨਾ ਹੀ ਧਰਮ ਉਹ ਸਾਧਨ ਹੈ ਜਿਸ ਰਾਹੀਂ ਮਨੁੱਖ ਆਪਣੇ ਅਨੁਭਵ ਦੀ ਵਿਆਖਿਆ ਕਰਦਾ ਹੈ ਜਾਂ ਉਸ ਨੂੰ ਸਿਲਸਿਲੇਵਾਰ ਕਰਦਾ ਹੈ। ਧਰਮ ਇਨ੍ਹਾਂ ਸਾਰਿਆਂ ਨੂੰ ਆਪਣੀ ਬੁੱਕਲ ਵਿਚ ਲੈਂਦਾ ਹੈ। ਇਹ ਉਹ ਸਤਿ ਹੈ, ਜਿਸ ਨੂੰ ਧਰਮ ਕਹਿੰਦੇ ਹਾਂ।

ਧਰਮ ਕੇਵਲ ਸਿਧਾਂਤਕ ਨਿਸ਼ਚਾ ਨਹੀਂ ਹੈ।ਇਹ ਅਨੁਭਵ ਉਸ ਸਤਿ ਦੇ ਪ੍ਰਭਾਵ ਹੇਠਾਂ ਸੰਗਠਿਤ ਹੈ ਜੋ ਮੂਲ ਰੂਪ ਵਿੱਚ ਇਸ ਸਵੈ ਅਨੁਭਵ ਦੀ ਮੰਗ ਕਰਦਾ ਹੈ।ਮਨੁੱਖ ਆਪਣੇ ਆਪ ਨੂੰ ਬਾਹਰੀ ਦੁਨੀਆਂ ਨਾਲ ਸੰਬੰਧਿਤ ਕਰਦਾ ਹੈ, ਉਸ ਨਾਲ ਆਪਣੇ ਆਪ ਨੂੰ ਬੰਨ੍ਹਦਾ ਹੈ ਅਤੇ ਉਸ ਨੂੰ ਮਹਿਸੂਸ ਹੁੰਦਾ ਹੈ ਕਿ ਇਹ ਮਹੱਤਵਪੂਰਨ ਹੈ।ਉਸ ਵਿਆਖਿਆ ਦੀ ਡੂੰਘੀ ਛਾਣਬੀਣ, ਦੁਨੀਆਂ ਪ੍ਰਤੀ ਉਸ ਦੀ ਅਧਿਆਤਮਕ ਆਸਥਾ ਦੇ ਵਿਹਾਰ ਦੇ ਰੂਪ ਵਿਚ ਆਪਣੀ ਸਥਿਤੀ ਦਾ ਵਿਕਾਸ ਕਰਦੀ ਹੈ। ਇਸ

ਤਰ੍ਹਾਂ ਧਰਮ ਇਕ ਨਿਸ਼ਚਾ ਹੈ ਜੋ ਮਨੁੱਖ ਦੀ ਅੰਦਰਲੀ ਦੁਨੀਆਂ ਗਠਨ ਦਾ ਬਾਹਰਲੀ ਦੁਨੀਆਂ ਦੇ ਦਬਾਅ ਹੇਠ ਜਾਂ ਰੋਸ਼ਨੀ ਵਿਚ ਕਰਦਾ ਹੈ। ਅਜਿਹਾ ਸੰਗਠਨ ਇਕ ਸੰਤੁਸ਼ਟ ਜੀਵਨ ਵਾਸਤੇ ਵਿਚਾਰ ਦੀ ਅੰਦਰੂਨੀ ਮਜ਼ਬੂਤੀ ਅਤੇ ਸਮੁੱਚੇ ਅਨੁਭਵ ਦੀ ਮੰਗ ਵੀ ਕਰਦਾ ਹੈ। ਨਾਲ ਹੀ ਬਾਹਰੀ ਸਤਿ ਦੇ ਸਹੀ ਅਨੁਭਵ ਦੀ ਮੰਗ ਕਰਦਾ ਹੈ।

ਧਾਰਮਿਕ ਨਿਸ਼ਚਾ ਸਧਾਰਨ ਅਨੁਭਵ ਤੋਂ ਪਰੇ, ਕੇਵਲ ਸਤਿ ਅਤੇ ਸ਼ਕਤੀਆਂ ਨਾਲ ਸੰਬੰਧਿਤ ਹੈ। ਜਦੋਂ ਤੱਕ ਧਾਰਮਿਕ ਨਿਸ਼ਚੇ ਬਾਹਰੀ ਸਤਿ ਦੇ ਅਨੁਸਾਰੀ ਨਾ ਹੋਣ ਉਨ੍ਹਾਂ ਵਿਚ ਕੋਈ ਸਹੀ ਵਿਆਖਿਆ ਨਿਹਤ ਨਹੀਂ ਹੁੰਦੀ। ਧਰਮ ਨੇ ਇਕ ਇਤਿਹਾਸਕ ਪ੍ਰਗਟਾਵੇ (Historical Manifestation) ਦੇ ਤੌਰ ਤੇ ਇਸ ਨੂੰ ਆਪਣਾ ਨਿਸ਼ਾਨਾ ਵੀ ਰੱਖਿਆ ਹੈ ਅਤੇ ਕਿਸੇ ਨਾ ਕਿਸੇ ਤਰ੍ਹਾ ਦੇ ਬਾਹਰਮੁੱਖੀ ਸਤਿ ਦਾ ਦਾਅਵਾ ਵੀ ਕੀਤਾ ਹੈ। ਸਾਧਾਰਨ ਅਨੁਭਵ ਤੋਂ ਪਰੇ ਦੇ ਸਤਿ ਅਤੇ ਤਾਕਤਾਂ ਨੂੰ ਵੱਖਰੇ ਵੱਖਰੇ ਢੰਗਾਂ ਨਾਲ ਬਿਆਨਿਆ ਗਿਆ ਹੈ। ਉਦਾਹਰਣ ਦੇ ਤੌਰ ਤੇ ਆਦਿ ਮਨੁੱਖ ਨੇ ਦ੍ਰਿਸ਼ਟਮਾਨ ਕੁਦਰਤ ਦੇ ਪਿੱਛੇ ਕੁਝ ਸ਼ਕਤੀਆਂ ਨੂੰ ਕੰਮ ਕਰਦੇ ਮੰਨਿਆ।

ਜਦੋਂ ਸਮਾਜ ਦਾ ਇਕ ਵਰਗ ਕਿਸੇ ਉਸ ਇਕ ਵਿਚਾਰਧਾਰਾ ਵਿਚ ਵਿਸ਼ਵਾਸ ਅਤੇ ਭਾਵਨਾਤਮਕ ਆਸਥਾ ਪ੍ਰਗਟ ਕਰਨ ਲੱਗ ਪਵੇ, ਜਿਹੜੀ ਵਿਚਾਰਧਾਰਾ ਦੈਵੀ ਸ਼ਕਤੀਆਂ ਦੀ ਹੋਂਦ, ਇਸ ਦੈਵੀ ਸ਼ਕਤੀ ਦੇ ਇਸ ਬ੍ਰਹਿਮੰਡ ਦੀ ਰਚੈਤਾਂ ਅਤੇ ਪਾਲਣਹਾਰ ਹੋਣ ਅਤੇ ਮਾਨਵ ਨੂੰ ਅਧਿਆਤਮਕ ਸੁਭਾ ਪ੍ਰਦਾਨ ਕਰਨ ਵਾਲੀ ਸ਼ਕਤੀ ਦੇ ਰੂਪ ਵਿਚ ਸਵੀਕਾਰ ਕਰਦੀ ਹੋਵੇ, ਤਾਂ ਉਸ ਵਿਚਾਰਧਾਰਾ ਨੂੰ ਆਮ ਬੋਲਚਾਲ ਦੀ ਭਾਸ਼ਾ ਵਿਚ ਅਸੀਂ ਧਰਮ ਕਹਿ ਲੈਂਦੇ ਹਾਂ। ਪ੍ਰੰਤੂ ਇਹ ਪਰਿਭਾਸ਼ਾ ਹਰ ਕਾਲ ਅਤੇ ਸਥਾਨ ਵਿਚ ਧਰਮ ਦੇ ਸਮੁੱਚੇ ਵਜੂਦ ਨੂੰ ਸਮੋ ਸਕਣ ਦੇ ਅਸਮਰੱਥ ਹੈ। ਕਈ ਧਾਰਮਿਕ ਪਰੰਪਰਾਵਾਂ ਅਜਿਹੀਆਂ ਹਨ, ਜਿਹੜੀਆਂ ਅਜਿਹੀ ਪਰਿਭਾਸ਼ਾ ਦੇ ਕਿਸੇ ਨਾ ਕਿਸੇ ਪਹਿਲੂ ਦੀ ਸੱਚਾਈ ਨੂੰ ਮੰਨਣ ਤੋਂ ਇਨਕਾਰੀ ਹਨ। ਆਮ ਤੌਰ ਤੇ ਅਜਿਹੀ ਵਿਚਾਰਧਾਰਾ ਦਾ ਆਧਾਰ ਅਧਿਆਤਮਕ ਪੱਖ ਤੋਂ ਗਿਆਨਵਾਨ ਗੁਰੂਆਂ, ਪੀਰਾਂ, ਪੈਗੰਬਰਾਂ ਦੇ ਦੈਵੀ ਅਨੁਭਵ ਹੁੰਦੇ ਹਨ।

**ਇਤਿਹਾਸ** : ਧਰਮ ਦਾ ਇਤਿਹਾਸ ਲਗਭਗ ਮਨੁੱਖ ਦੇ ਆਪਣੇ ਇਤਿਹਾਸ ਜਿੰਨਾ ਹੀ ਪੁਰਾਣਾ ਹੈ।(ਅਲੱਗ ਅਲੱਗ ਮਾਨਵਾਂ ਦੀ ਤਰ੍ਹਾਂ ਅਲੱਗ ਅਲੱਗ ਧਰਮ ਵੀ ਅਸਲੋਂ ਇਕ ਹੁੰਦੇ ਹਨ), ਭਾਵੇਂ ਉਨ੍ਹਾਂ ਦੇ ਬਾਹਰੀ ਚਿੰਨ੍ਹਾਂ, ਰਸਮਾਂ ਅਤੇ ਇਥੋਂ ਤੱਕ ਕਿ ਸਿਧਾਂਤਾਂ (doctrines) ਵਿਚ ਵੇਖਣ ਨੂੰ ਭਿੰਨਤਾ ਜਾਪਦੀ ਹੈ।ਵਿਦਵਾਨਾਂ ਨੇ ਧਰਮ ਦੀ ਪਰਿਭਾਸ਼ਾ ਕਰਦਿਆਂ ਹੋਇਆ ਇਸਨੂੰ ਅਜਿਹੀ ਪ੍ਰਕ੍ਰਿਆ ਦਾ ਨਾਂ ਦਿੱਤਾ ਹੈ "ਜਿਸ ਰਾਹੀਂ ਜੀਵ ਆਪਣੀ ਛਿਨ-ਭੰਗਰਤਾ ਅਤੇ ਨਿਗੂਣੇਪਣ ਤੋਂ ਉਪਰ ਉਠ ਕੇ ਉਸ ਆਪਾਰ ਪਰਮਾਤਮਾ ਨਾਲ ਇਕਮਿਕ ਹੋਣ ਦੇ ਯੋਗ ਹੁੰਦਾ ਹੈ।ਇਥੇ ਇਸ ਵਿਦਵਾਨ ਨੂੰ ਗਲਤ ਨਾ ਸਮਝ ਲਿਆ ਜਾਵੇ, ਇਸ ਲਈ ਇਹ ਦੱਸ ਦੇਣਾ ਯੋਗ ਹੋਵੇਗਾ ਕਿ ਅਸਥਿਰਤਾ ਅਤੇ ਨਿਗੂਣੇਪਣ ਤੋਂ ਉੱਚਾ ਉੱਠਣ ਤੋਂ ਇਥੇ ਇਹ ਭਾਵ ਬਿਲਕੁਲ ਨਹੀਂ ਕਿ ਮਨੁੱਖ ਇਸ ਅਸਥਾਈ ਸੰਸਾਰ ਤੋਂ ਸੰਨਿਆਸ ਲੈ ਲਵੇ, ਬਲਕਿ ਇਥੇ ਉਨ੍ਹਾਂ ਝੁਕਾਵਾਂ ਅਤੇ ਦਿਲਚਸਪੀਆਂ ਤੋਂ ਕੰਨੀ ਬਚਾਉਣਾ ਹੈ, ਜਿਹੜੀਆਂ ਮਨੁੱਖ ਦੇ ਅੰਦਰਲੇ ਦੈਵੀਪਣ ਨਾਲ ਮੇਲ ਨਹੀਂ ਖਾਂਦੀਆਂ, ਅਤੇ ਉਨ੍ਹਾਂ ਗੁਣਾਂ ਨੂੰ ਗ੍ਰਹਿਣ ਕਰਨਾ ਹੈ ਜਿਹੜੇ ਗੁਣ ਅਸੀਂ ਸਰਗੁਣ ਪਰਮਾਤਮਾ ਵਿਚ ਕਿਆਸਦੇ ਹਾਂ ਅਤੇ ਜਿਹੜੇ ਗੁਣਾਂ ਨੂੰ ਅਪਨਾਉਣ ਨਾਲ ਮਨੁੱਖ ਗੁਣਾਤਮਕ ਪੱਖ ਤੋਂ ਆਪਣੇ ਅੰਤਰੀਵ ਦੇ ਦੈਵੀਪਣ ਅਤੇ ਉਸ ਨਿਰੰਕਾਰ ਅਕਾਲ ਪੁਰਖ ਵਰਗਾ ਹੋ ਸਕਣ ਦੇ ਸਮਰਥ ਹੋ ਜਾਵੇ।ਇਸ ਤੋਂ ਸਾਨੂੰ ਧਰਮ ਦੇ ਸੁਭਾਅ ਦੇ ਇਸ ਪਹਿਲੂ ਦਾ ਗਿਆਨ ਹੋ ਜਾਂਦਾ ਹੈ ਕਿ ਧਰਮ ਸਿਰਫ ਅਧਿਆਤਮਕ ਕੀਮਤਾਂ ਦਾ ਹੀ ਨਾ ਨਹੀਂ।

**ਧਰਮ ਵਿਸ਼ਵ ਚਿੰਤਕਾਂ ਦੀ ਨਜ਼ਰ ਵਿਚ** : ਭਾਰਤੀ ਮੂਲ ਦੇ 'ਧਰਮ' ਸ਼ਬਦ ਨੂੰ ਅੰਗਰੇਜ਼ੀ ਦੇ ਸ਼ਬਦ Religion ਦੇ ਸਮਾਨਾਰਥਕ ਅਰਥਾਂ ਵਿਚ ਵਰਤ ਰਹੇ ਹਾਂ। ਪ੍ਰਸਿੱਧ ਵਿਦਵਾਨ ਮੈਕਸ-ਮੂਲਰ ਨੇ

ਆਪਣੀ ਪੁਸਤਕ ਵਿਚ ਧਰਮ ਸ਼ਬਦ ਦਾ ਮੁੱਢ ਲੱਭਣ ਦਾ ਯਤਨ ਕੀਤਾ ਹੈ। ਭਾਵੇਂ ਦਰਿਆਵਾਂ ਦੀ ਤਰ੍ਹਾਂ ਸ਼ਬਦਾਂ ਦੇ ਵੀ ਸਹੀ ਮੁੱਢ ਅਤੇ ਸਹੀ ਨਿਕਾਸ ਬਾਰੇ ਨਿਸ਼ਚਤ ਰੂਪ ਵਿਚ ਕਹਿ ਸਕਣਾ ਆਸਾਨ ਨਹੀਂ ਹੁੰਦਾ ਪਰੰਤੂ ਫਿਰ ਵੀ ਮੈਕਸ ਮੂਲਰ ਨੇ ਇਸ ਸੰਬੰਧ ਵਿਚ ਸੁਚੱਜਾ ਅਤੇ ਅਰਥ ਭਰਪੂਰ ਯਤਨ ਕੀਤਾ । ਉਨ੍ਹਾਂ ਅਨੁਸਾਰ ਧਰਮ ਸ਼ਬਦ ਦਾ ਮੂਲ ਲਾਤੀਨੀ ਸ਼ਬਦ (religio) ਹੈ। ਜਿਸ ਤਰ੍ਹਾਂ ਲਾਤੀਨੀ ਵਿਚ (metus) ਸ਼ਬਦ ਦੁਨਿਆਵੀ ਜਾਂ ਮਾਲੀ ਭੈਅ ਵਾਸਤੇ ਵਰਤਿਆ ਜਾਂਦਾ ਹੈ, ਉਸੇ ਤਰ੍ਹਾਂ religio ਸ਼ਬਦ ਦੈਵੀ ਭੈਅ (awe of gods) ਖਾਤਰ ਵਰਤਿਆ ਜਾਂਦਾ ਹੈ। Religio ਸ਼ਬਦ ਦੇ ਮੌਲਿਕ ਅਰਥਾਂ ਬਾਰੇ ਪੂਰਣ ਰੂਪ ਵਿਚ ਸਹਿਮਤੀ ਨਹੀਂ ਹੈ, ਪਰੰਤੂ ਆਮ ਤੌਰ ਤੇ ਇਸ ਸ਼ਬਦ ਨੂੰ (religare) ਦਾ ਹੀ ਇਕ ਰੂਪ ਮੰਨਿਆ ਜਾਂਦਾ ਹੈ। ਲਾਤੀਨੀ ਭਾਸ਼ਾ ਵਿਚ (religare) ਦਾ ਵਿਰੋਧੀ ਸ਼ਬਦ ਹੁੰਦਾ ਹੈ religare ਜਿਸ ਦਾ ਅਰਥ ਹੁੰਦਾ ਹੈ ਪ੍ਰਵਾਹ ਨਾ ਕਰਨੀ। (Religare) ਸ਼ਬਦ ਨੂੰ ਪ੍ਰਵਾਹ ਕਰਨ, ਸਤਿਕਾਰ ਕਰਨ, ਪੂਜਣ-ਯੋਗ ਸਵੀਕਾਰਨ ਦੇ ਅਰਥਾਂ ਵਿਚ ਵਰਤਿਆ ਗਿਆ ਹੈ। ਲਾਤੀਨੀ (religare) ਦੇ ਇਕ ਹੋਰ ਅਰਥ (ਬੰਨਣਾ ਜਾਂ ਰੋਕਣਾ) ਵੀ ਹੈ। ਮਨੁੱਖ ਮੂਲ ਰੂਪ ਵਿੱਚ ਪਰਮਾਤਮਾ ਨਾਲ ਬੰਨ੍ਹਿਆ ਜਾਂ ਜੁੜਿਆ ਹੋਇਆ ਹੈ। ਕਿਉਂਕਿ ਲਾਤੀਨੀ ਵਰਤੋਂ ਵਿਚ (religare) ਸ਼ਬਦ ਦੇ ਪਹਿਲੇ ਅਰਥ ਵਧੇਰੇ ਪ੍ਰਚਲਿਤ ਹਨ, ਇਸ ਲਈ ਧਰਮ ਦੇ ਅਰਥਾਂ ਨਾਲ ਜੋੜਦਿਆਂ ਮੈਕਸ-ਮੂਲਰ ਨੇ ਵੀ ਇਸ ਦੇ ਪਹਿਲੇ ਅਰਥਾਂ ਨੂੰ ਹੀ ਮੰਨਿਆ। ਆਧੁਨਿਕ ਧਰਮ-ਵਿਗਿਆਨੀ (theologians) ਮੈਕਸ-ਮੂਲਰ ਤੋਂ ਥੋੜ੍ਹੀ ਵਿਚਾਰਧਾਰਕ ਭਿੰਨਤਾ ਰਖਦੇ ਹਨ ਅਤੇ ਉਹ ਧਰਮ ਸ਼ਬਦ ਦਾ ਮੂਲ relegere ਅਤੇ religere ਦੋਹਾਂ ਸ਼ਬਦਾਂ ਵਿਚ ਲੱਭਦੇ ਹਨ। ਇਸ ਦਾ ਕਾਰਨ ਸ਼ਾਇਦ ਇਹ ਹੈ ਕਿ ਉਹ religion ਦੀ ਪਰਿਭਾਸ਼ਾ ਦੇਣ ਲਗਿਆਂ ਦੋਵੇਂ ਅਰਥ ਹੀ ਦੇਣਾ ਚਾਹੁੰਦੇ ਹਨ। ਇਥੇ ਇਹ ਜ਼ਿਕਰ ਕਰ ਦੇਣਾ ਦਿਲਚਸਪੀ ਤੋਂ ਖਾਲੀ ਨਹੀਂ ਹੋਵੇਗਾ ਕਿ ਧਰਮ ਸ਼ਬਦ ਪੁਰਾਤਨ ਅਹਿਦਨਾਮੇ (Old Testament) ਵਿਚ ਕਿਧਰੇ ਨਹੀਂ ਮਿਲਦਾ ਜਦੋਂ ਕਿ ਨਵੇਂ ਅਹਿਦਨਾਮੇ (New Testment) ਵਿਚ ਇਹ ਸਿਰਫ਼ ਤਿੰਨ ਵਾਰ ਵਰਤਿਆ ਮਿਲਦਾ ਹੈ। ਉਥੇ ਵੀ ਇਸ ਸ਼ਬਦ ਦੇ ਪ੍ਰਸੰਗਾਤਮਕ ਅਰਥ ਧਰਮ ਅਤੇ ਵਹਿਮ ਭਰਮ (superstition) ਦੇ ਵਿਚਕਾਰ ਜਿਹੇ ਹਨ।

ਕਿਸੇ ਵੀ ਵਸਤੂ ਦਾ ਮੁੱਢ ਜਾਂ ਸ੍ਰੋਤ ਪਤਾ ਕਰ ਲੈਣ ਨਾਲ ਉਸ ਦੇ ਸੁਭਾਅ ਜਾਂ ਸਮੁੱਚੇ ਵਜੂਦ ਬਾਰੇ ਨਿਸ਼ਚਿਤ ਤੌਰ ਤੇ ਜਾਣ ਸਕਣਾ ਜ਼ਰੂਰੀ ਨਹੀਂ। ਇਹ ਬਿਲਕੁਲ ਉਸੇ ਤਰ੍ਹਾਂ ਹੈ ਜਿਵੇਂ ਦਰਿਆ ਦੇ ਨਿਕੇ ਜਿਹੇ ਸੋਮੇ ਨੂੰ ਜਾਣ ਲੈਣਾ ਉਸ ਦੇ ਸਾਰੇ ਵਹਿਣ ਨੂੰ ਜਾਣ ਲੈਣ ਤੋਂ ਬਿਲਕੁਲ ਭਿੰਨ ਹੈ। (ਧਾਤੂ-ਵਿਗਿਆਨ ਅਨੁਸਾਰ ਸ਼ਬਦ ਦੇ ਅਰਥ ਅਤੇ ਉਸ ਨੂੰ ਇਤਿਹਾਸਕ ਪ੍ਰਸੰਗ ਵਿਚ ਵਿਚਾਰ ਕੇ ਉਸ ਦਾ ਅਰਥ ਮੂਲ ਰੂਪ ਵਿਚੋਂ ਕਈ ਨਵੀਆਂ ਅਤੇ ਵਿਲੱਖਣ ਪਰਤਾਂ ਕੱਢ ਲੈਂਦਾ ਹੈ)। ਇਸ ਲਈ ਕਿਸੇ ਸਹੀ ਅਤੇ ਭਰਪੂਰ ਪਰਿਭਾਸ਼ਾ ਤੀਕ ਪਹੁੰਚਣ ਲਈ ਸਾਨੂੰ ਧਰਮ ਸ਼ਬਦ ਦੇ ਦੋਵੇਂ ਅਰਥਾਂ ਨੂੰ ਹੀ ਧਿਆਨ ਵਿਚ ਰਖਣਾ ਪਵੇਗਾ।

**ਭਾਰਤੀ ਪਰੰਪਰਾ** :ਭਾਰਤੀ ਧਰਮਾਂ ਦੇ ਸੰਦਰਭ ਵਿਚ ਧਰਮ ਦਾ ਸਭ ਤੋਂ ਪੁਰਾਣਾ ਅਤੇ ਸੰਗਠਿਤ ਰੂਪ ਸਾਨੂੰ ਰਿਗਵੇਦ ਵਿਚ ਮਿਲਦਾ ਹੈ ਜਿਥੇ 'ਧਰਮ' ਦੇ ਅਰਥ ਸਥਾਪਤ, ਪੱਕਾ ਆਦੇਸ਼, ਕਾਨੂੰਨ, ਅਮਲ (Practice), ਰਸਮੀ ਮਨੌਤ, ਫਰਜ਼, ਸਹੀ, ਨਿਆਂ, ਗੁਣ, ਨੈਤਿਕਤਾ ਅਤੇ ਚੰਗੇ ਕੰਮ ਆਦਿ ਨਿਕਲਦਾ ਹੈ। ਜੇ ਧਰਮ ਦੇ ਅਰਥਾਂ ਨੂੰ ਭਾਰਤੀ ਪ੍ਰਸੰਗ ਵਿਚ ਵੇਖਣ ਦਾ ਯਤਨ ਕਰੀਏ ਤਾਂ ਅਸੀਂ ਵੇਖਦੇ ਹਾਂ ਕਿ ਉਥੇ ਧਰਮ ਜਾਂ ਇਸ ਦੇ ਅਰਥ ਖੜੋਤ (static) ਵਾਲੇ ਨਹੀਂ ਰਹੇ। ਸਮੇਂ ਅਤੇ ਸਥਾਨ ਦੀ ਤਬਦੀਲੀ ਨੇ ਇਸ ਦੇ ਵਿਸ਼ੇ ਅਤੇ ਇਸ ਦੇ ਅਰਥਾਂ ਵਿਚ ਵੀ ਤਬਦੀਲੀ ਲਿਆਂਦੀ ਹੈ। ਇਥੇ ਵੇਦ ਸਰੁਤੀ, ਸਿਮ੍ਰਤੀਆਂ ਅਤੇ ਰਿਸ਼ੀਆਂ ਮੁਨੀਆਂ ਦਾ ਆਚਰਣ ਧਰਮ ਦੇ ਮੂਲ ਸ੍ਰੋਤ ਰਹੇ ਹਨ। ਪੁਰਾਤਨ ਯੂਨਾਨੀਆਂ ਦੀ ਤਰ੍ਹਾਂ ਵੈਦਿਕ ਲੋਕ ਵੀ "ਕੁਦਰਤ ਦੀਆਂ ਵਸਤਾਂ ਨੂੰ ਇੰਨੀ ਭਾਵਨਾਤਮਕ

ਸ਼ਿੱਦਤ ਅਤੇ ਸ਼ਕਤੀਸ਼ਾਲੀ ਕਲਪਨਾ ਨਾਲ ਵੇਖਦੇ ਹਨ ਕਿ ਉਨ੍ਹਾਂ ਨੂੰ ਇਨ੍ਹਾਂ ਸਭ ਵਸਤਾਂ ਵਿਚ ਦੈਵੀ ਅੰਸ਼ (ਆਤਮਾ) ਦੀ ਹੋਂਦ ਪ੍ਰਤੀਤ ਹੁੰਦੀ ਹੈ।" ਸਿੱਟੇ ਵਜੋਂ ਉਨ੍ਹਾਂ ਨੇ ਇਨ੍ਹਾਂ ਵਸਤਾਂ ਦੀ ਪੂਜਾ ਆਰੰਭ ਕਰ ਦਿੱਤੀ। ਵੇਦਾਂ ਵਿਚ ਮੁੱਖ ਤੌਰ ਤੇ ਅਜਿਹੀ ਪੂਜਾ ਦੇ ਵਿਧੀ-ਵਿਧਾਨ ਦਾ ਜ਼ਿਕਰ ਮਿਲਦਾ ਹੈ। ਮਨੁੱਖੀ ਜੀਵਨ ਦਾ ਆਦਰਸ਼ ਸਵਰਗ ਦੀ ਪ੍ਰਾਪਤੀ ਮਿਥਿਆ ਗਿਆ ਹੈ।ਦੂਜੇ ਪਾਸੇ ਭਾਰਤੀ ਮੂਲ ਦੇ ਸ਼੍ਰਮਣਿਕ ਧਰਮ, ਜਿਨ੍ਹਾ ਦਾ ਆਰੰਭ ਵੇਦਾਂ ਤੋਂ ਪਹਿਲਾਂ ਦਾ ਸਵੀਕਾਰਿਆ ਗਿਆ ਹੈ, ਮਾਨਵੀ ਜੀਵਨ ਦਾ ਆਦਰਸ਼ ਮੋਕਸ਼ ਜਾਂ ਨਿਰਵਾਣ ਮਿਥਦੇ ਹਨ। ਉਨ੍ਹਾਂ ਅਨੁਸਾਰ ਹੋਰਨਾਂ ਦੇ ਨਾਲ ਨਾਲ ਸੰਨਿਆਸ ਇਸ ਆਦਰਸ਼ ਦੀ ਪ੍ਰਾਪਤੀ ਹਿੱਤ ਇਕ ਜ਼ਰੂਰੀ ਸਾਧਨ ਹੈ।

ਵੇਦਾਂ ਤੋਂ ਬਾਅਦ ਉਪਨਿਸ਼ਦਾਂ ਨੇ ਵੀ ਮੋਕਸ਼ ਜਾਂ ਮੁਕਤੀ ਨੂੰ ਹੀ ਮਾਨਵੀ ਜੀਵਨ ਦਾ ਆਦਰਸ਼ ਮਿਥਿਆ ਹੈ। ਉਨ੍ਹਾਂ ਅਨੁਸਾਰ ਹੋਰਨਾਂ ਦੇ ਨਾਲ-ਨਾਲ ਸੰਨਿਆਸ ਇਸ ਆਦਰਸ਼ ਦੀ ਪ੍ਰਾਪਤੀ ਹਿੱਤ ਇਕ ਜ਼ਰੂਰੀ ਸਾਧਨ ਹੈ, ਪਰੰਤੂ ਉਨ੍ਹਾਂ ਨੇ ਇਸ ਆਦਰਸ਼ ਦੀ ਪ੍ਰਾਪਤੀ ਦਾ ਮੂਲ ਸਾਧਨ ਗਿਆਨ ਨੂੰ ਮੰਨਿਆ। ਹਿੰਦੂ ਮੱਤ ਅਨੁਸਾਰ ਭਾਗਵਤ ਗੀਤਾ ਨੂੰ ਵੀ ਇਕ ਉਪਨਿਸ਼ਦ ਹੀ ਮੰਨਿਆ ਗਿਆ ਹੈ। ਗੀਤਾ ਅਨੁਸਾਰ ਇਸ ਆਦਰਸ਼ ਦੀ ਪ੍ਰਾਪਤੀ ਗਿਆਨ, ਕਰਮ ਅਤੇ ਭਗਤੀ ਰਾਹੀਂ ਹੀ ਹੋ ਸਕਦੀ ਹੈ।ਪ੍ਰੰਤੂ ਉਸ ਸਮੇਂ ਹਾਲੀ ਵੈਦਿਕ ਪ੍ਰਭਾਵ ਬਹੁਤ ਜ਼ਿਆਦਾ ਸੀ ਜਿਸ ਕਾਰਨ ਗੀਤਾ ਵਿਚ ਕਰਮ ਉਪਰ ਦਿੱਤਾ ਜ਼ੋਰ ਸਹੀ ਅਰਥਾਂ ਵਿਚ ਸਨਮੁੱਖ ਨਾ ਆ ਸਕਿਆ। ਬਲਕਿ ਕਰਮ ਨੂੰ ਮੁੜ ਕਰਮ ਕਾਂਡ ਵਿਚ ਬਦਲ ਦਿੱਤਾ ਗਿਆ। ਸਿੱਖ ਧਰਮ ਭਾਰਤੀ ਅਧਿਆਤਮਕ ਵਿਚਾਰਧਾਰਾ ਦਾ ਸਿਖਰ ਹੈ। ਇਸ ਨੇ ਧਰਮ ਸ਼ਬਦ ਨੂੰ ਵੱਖਰੇ ਅਤੇ ਨਵੇਂ ਅਰਥ ਪ੍ਰਦਾਨ ਕੀਤੇ। ਸਿੱਖ ਧਰਮ ਅਨੁਸਾਰ "ਧਰਮ ਉਹ ਪਵਿੱਤਰ ਨਿਯਮ ਹੈ ਜੋ ਸੰਸਾਰ ਨੂੰ ਧਾਰਨ ਕਰਦਾ ਹੈ, ਜਿਸ ਦਾ ਆਧਾਰ ਵਿਸ਼ਵ ਹੈ।" ਇਸ ਨੂੰ ਵਾਹਿਗੁਰੂ ਦਾ ਹੁਕਮ ਵੀ ਮੰਨਿਆ ਜਾਂਦਾ ਹੈ।ਧਰਮ ਹੇਤ ਮਨੁੱਖ ਨੂੰ ਵਾਹਿਗੁਰੂ ਨਾਮ ਜਪਣ ਅਤੇ ਸਵੱਛ-ਰਹਿਣੀ ਦਾ ਆਦੇਸ਼ ਕੀਤਾ ਹੈ, ਜਿਸ ਨੂੰ ਗੁਰੂ ਅਰਜਨ ਦੇਵ ਜੀ ਨੇ ਇਉਂ ਦਸਿਆ ਹੈ :

ਸਰਬ ਧਰਮ ਮਹਿ ਸ੍ਰੇਸਟ ਧਰਮੁ॥
ਹਰਿ ਕੋ ਨਾਮੁ ਜਪਿ ਨਿਰਮਲ ਕਰਮੁ॥ (ਗਉੜੀ ਮ : 5 ਪੰਨਾ - 266)
ਦਸਮ ਕਥਾ ਭਗੌਤ ਕੀ ਭਾਖਾ ਕਰੀ ਬਨਾਇ॥
ਅਵਰ ਬਾਸਨਾ ਨਾਹੀ ਪ੍ਰਭ ਧਰਮ ਯੁਧ ਕੈ ਚਾਇ॥
(ਦਸਮ ਗ੍ਰੰਥ, 2491)

ਧਰਮ, ਵਾਸ਼ਨਾਵਾਂ ਤੋਂ ਮੁਕਤ ਸਮੂਹਿਕ ਉਥਾਨ ਵਾਸਤੇ ਇਕ ਨਿਸ਼ਚਿਤ ਜੁਗਤਿ ਵਿਚ ਕੀਤਾ ਜਾਣ ਵਾਲਾ ਅਮਲ ਹੈ। ਸਿੱਖ ਧਰਮ ਨੇ ਇਸ ਨੂੰ ਯੁੱਧ ਦੇ ਬਿੰਬ ਰਾਹੀਂ ਜੀਵਨ-ਮੁਕਤ ਦੇ ਵੱਡੇ ਸਿਧਾਂਤ ਨਾਲ ਜੋੜਿਆ ਹੈ। ਇਸ ਹਾਲਤ ਵਿਚ ਕਿਸੇ ਕਿਸਮ ਦੀ ਵਾਸਨਾ ਰੂਪੀ ਸੀਮਾ,ਖਤਮ ਹੋ ਜਾਂਦੀ ਹੈ। ਦਸਮ ਪਾਤਸ਼ਾਹ ਦਾ ਉਕਤ ਵਾਕ ਇਸ ਕਥਨ ਦੀ ਪੁਸ਼ਟੀ ਕਰਦਾ ਹੈ।

ਉਪਰੋਕਤ ਸੰਖਿਪਤ ਭਾਰਤੀ ਅਤੇ ਪੱਛਮੀ ਪ੍ਰਿਸ਼ਠਭੂਮੀ ਵਿਚ ਵਿਚਰਦਿਆਂ ਹੋਇਆਂ ਸਾਨੂੰ ਧਰਮ ਸ਼ਬਦ ਦੀ ਪਰਿਭਾਸ਼ਾ ਦੇਣ ਲੱਗਿਆਂ ਧਰਮ ਦੇ ਮੁਢਲੇ ਕਾਰਜਾਂ ਨੂੰ ਧਿਆਨ ਵਿਚ ਰਖਣਾ ਪਵੇਗਾ। ਜਿਸ ਵਿਚ ਮਨੁੱਖ ਦਾ ਇਸ ਸੰਸਾਰ ਦੇ ਕਰਤਾ ਪ੍ਰਤੀ ਸਹੀ ਸੰਬੰਧ ਨਿਸ਼ਚਿਤ ਕਰਨਾ ਅਤੇ ਮਨੁੱਖ ਦਾ ਬਾਕੀ ਮਾਨਵਤਾ ਪ੍ਰਤੀ ਯੋਗ ਸੁਭਾ (approvable attitude) ਨਿਰਧਾਰਤ ਕਰਨਾ ਸਾਮਲ ਹਨ।ਇਸ ਤਰ੍ਹਾਂ ਨਾਲ ਸਾਡੀ ਪਰਿਭਾਸ਼ਾ ਧਰਮ ਦੇ ਸਿਧਾਂਤਕ ਜਾਂ ਕੱਟੜ (dogmatic) ਅਤੇ ਅਮਲੀ ਦੋਨੋਂ ਪਹਿਲੂਆਂ ਨੂੰ ਆਪਣੇ ਅੰਦਰ ਲੈ ਸਕੇਗੀ। ਇਨ੍ਹਾਂ ਵਿਚੋਂ ਕਿਸੇ ਵੀ ਇਕ ਪਹਿਲੂ ਉਪਰ ਜ਼ੋਰ ਸਾਡੀ ਪਰਿਭਾਸ਼ਾ ਨੂੰ ਸੰਪੂਰਨ ਅਤੇ ਸੰਤੁਲਤ ਨਹੀਂ ਰਹਿਣ ਦੇਵੇਗਾ। ਉਦਾਹਰਣ ਦੇ ਲਈ, ਇਕ ਦਰਖਤ

ਦੀਆਂ ਜੜ੍ਹਾਂ ਭਾਵੇਂ ਧਰਤੀ ਵਿਚ ਛੁਪੀਆਂ ਰਹਿੰਦੀਆਂ ਹਨ ਅਤੇ ਸਾਨੂੰ ਨਜ਼ਰ ਨਹੀਂ ਆਉਂਦੀਆਂ ਪ੍ਰੰਤੂ ਉਹ ਦਰਖਤ ਦੇ ਜੀਵਨ ਲਈ ਅਤਿ ਜ਼ਰੂਰੀ ਹਨ ਜੇ ਅਸੀਂ ਉਸ ਦਰਖਤ ਤੋਂ ਕੋਈ ਫਲ ਲੈਣਾ ਚਾਹੁੰਦੇ ਹਾਂ। ਇਨ੍ਹਾਂ ਜੜ੍ਹਾਂ ਦੀ ਸਹੀ ਸੰਭਾਲ ਸਾਡੇ ਲਈ ਜ਼ਰੂਰੀ ਹੋ ਜਾਂਦੀ ਹੈ ਪਰੰਤੂ ਜੇ ਦਰਖਤ ਕੋਈ ਫ਼ਲ ਜਾਂ ਹੋਰ ਲਾਹਾ ਨਹੀਂ ਦਿੰਦਾ ਤਾਂ ਦਰਖਤ ਅਤੇ ਉਸ ਦੀਆਂ ਜੜ੍ਹਾਂ ਦੀ ਸੰਭਾਲ ਉਪਰ ਕੀਤੀ ਮਿਹਨਤ ਵਿਅਰਥ ਹੈ। ਇਹ ਗੱਲ ਧਰਮ ਉਪਰ ਸਹੀ ਢੁੱਕਦੀ ਹੈ। ਧਰਮ ਦੇ ਸਿਧਾਂਤ (dogmas) ਦਰਖਤ ਦੀਆਂ ਜੜ੍ਹਾਂ ਦੀ ਤਰ੍ਹਾਂ ਹਨ। ਪਰੰਤੂ ਕਿਸੇ ਅਮਲੀ ਮਕਸਦ ਤੋਂ ਬਿਨਾਂ ਇਹ ਇੱਕ ਰੁੱਖਾ ਦਰਸ਼ਨ ਤਾਂ ਹੋ ਸਕਦਾ ਹੈ ਪਰੰਤੂ ਨਹੀਂ।

ਇਸ ਲਈ ਅਸੀਂ ਮੁੱਖ ਤੌਰ ਤੇ ਧਰਮ ਦੀਆਂ ਪਰਿਭਾਸ਼ਾਵਾਂ ਨੂੰ ਦੋ ਹਿੱਸਿਆਂ ਵਿਚ ਵੰਡ ਅਧਿਆਤਮਿਕ ਬੱਧ ਲੈਂਦੇ ਹਾਂ। ਇਕ ਤਾਂ ਉਹ ਜਿਹੜੀਆਂ ਧਰਮ ਦੇ ਸਿਧਾਂਤਕ (dogmatic) ਪਹਿਲੂ ਨੂੰ ਪ੍ਰਮੁੱਖਤਾ ਦਿੰਦੀਆਂ ਹਨ। ਇਹ ਧਰਮ ਦੇ ਅਮਲੀ ਪਹਿਲੂ ਨੂੰ ਨਜ਼ਰ-ਅੰਦਾਜ਼ ਕਰਦੀਆਂ ਹਨ। ਇਨ੍ਹਾਂ ਅਨੁਸਾਰ ਧਰਮ ਸਿਰਫ਼ ਇਕ ਦੈਵੀ ਅਨੁਭਵ ਹੈ। ਇਸ ਪੱਖ ਦਾ ਮੁਦਈ ਜਾਰਜ ਗੈਲੋਵੇ ਆਪਣੀ ਇਕ ਪੁਸਤਕ (Geoge Gallowey) ਵਿਚ ਲਿਖਦਾ ਹੈ ਕਿ ਧਰਮ ਤਾਂ ਮਨੁੱਖ ਦੀ ਇਕ ਦੈਵੀ ਸ਼ਕਤੀ ਵਿਚ ਆਸਥਾ ਦਾ ਨਾਂ ਹੈ, ਜਿਸ ਰਾਹੀਂ ਉਹ ਭਾਵਨਾਤਮਕ ਸੰਤੁਸ਼ਟੀ ਚਾਹੁੰਦਾ ਹੈ ਅਤੇ ਜਿਸ ਸੰਤੁਸ਼ਟੀ ਨੂੰ ਉਹ ਪੂਜਾ ਦੇ ਵਿਧੀ – ਵਿਧਾਨ ਰਾਹੀਂ ਪ੍ਰਗਟ ਕਰਦਾ ਹੈ। ਇਸ ਤਰ੍ਹਾਂ ਐਲਬਰਟ ਆਈਨਸਟੀਨ ਵੀ ਆਪਣੇ ਇਕ ਲੇਖ ਵਿਚ ਧਰਮ ਨੂੰ (super personal) ਕੀਮਤਾਂ ਦੇ ਅਹਿਸਾਸ ਨਾਲ ਜੋੜਦਾ ਹੈ। ਰੂਡੋਲਫ ਓਟੋ (Rudolf Otto) ਆਪਣੀ ਪ੍ਰਸਿੱਧ ਪੁਸਤਕ The Idea of Holy ਵਿਚ ਬਾਈਬਲ ਦੇ ਪੈਗੰਬਰਾਂ ਅਤੇ ਸੰਤਾਂ ਦੇ ਪਰਮਾਤਮਾ ਨਾਲ ਸੰਵਾਦ ਦਾ ਬਿਰਤਾਂਤ ਦਿੰਦਿਆਂ ਹੋਇਆਂ ਧਾਰਮਿਕ ਚੇਤੰਨਤਾ ਦੇ ਤੱਤ ਨੂੰ ਭੈਅ, ਪਰਮਾਤਮਾ ਦੇ ਸਨਮੁੱਖ ਇਕ ਵਿਚਿਤਰ ਦਾ ਨਾਂ ਦਿੰਦਾ ਹੈ। ਮਰਸੀ ਇਲੀਆ (Mircea Eliade) ਆਪਣੀ ਪੁਸਤਕ Sacred and the Profane ਵਿਚ ਓਟੋ ਦੀ ਉਪਰੋਕਤ ਪਰਿਭਾਸ਼ਾ ਦਾ ਪੁਨਰ ਮੁਲਾਂਕਣ ਵੀ ਕਰਦਾ ਹੈ ਅਤੇ ਉਸ ਦੇ ਘੇਰੇ ਨੂੰ ਵੀ ਵਡੇਰਾ ਕਰਦਾ ਹੈ। ਉਸ ਅਨੁਸਾਰ ਅਧਿਆਤਮਕਤਾ ਸਿਰਫ਼ ਪਰਮਾਤਮਾ ਨਾਲ ਸੰਬਾਦ ਵਿਚੋਂ ਹੀ ਨਹੀਂ ਉਘੜਦੀ, ਬਲਕਿ ਇਹ ਤਾਂ ਹਰ ਸਭਿਆਚਾਰ ਦੇ ਚਿੰਨ੍ਹਵਾਦ ਅਤੇ ਵਿਧੀ-ਵਿਧਾਨ ਵਿਚ ਵੇਖ ਜਾ ਸਕਦੀ ਹੈ।

ਦੂਜੀ ਵਿਚਾਰਧਾਰਾ ਅਨੁਸਾਰ ਧਰਮ ਦੇ ਅਮਲੀ ਪੱਖ ਨੂੰ ਮੁੱਖ ਰਖਿਆ ਗਿਆ ਹੈ। ਇਸ ਵਿਚਾਰਧਾਰਾ ਦੇ ਪੈਰੋਕਾਰਾਂ ਅਨੁਸਾਰ "ਸਮਾਜ ਸੇਵਾ, ਮਾਨਵਤਾ ਅਤੇ ਸਦਾਚਾਰਕ ਕੀਮਤਾਂ ਦਾ ਨਾਂ ਹੀ ਧਰਮ ਹੈ।" ਮਨੁੱਖ ਦੁਆਰਾ ਆਪਣੇ ਪਦਾਰਥਕ ਅਤੇ ਸਮਾਜਕ ਚੌਗਿਰਦੇ ਵਿਚ ਸਹਿਜ ਹੋ ਸਕਣ ਦੇ ਯਤਨ ਹੀ ਧਰਮ ਦੀ ਪ੍ਰਕ੍ਰਿਆ ਹਨ। ਇਸ ਵਿਚਾਰਧਾਰਾ ਦੇ ਹਾਮੀ ਆਮ ਤੌਰ ਤੇ ਮਾਰਕਸੀ ਵਿਚਾਰਧਾਰਾ ਤੋਂ ਪ੍ਰਭਾਵਤ ਹਨ।( ਉਹ ਸ਼ਾਇਦ ਇਸ ਗੱਲ ਨੂੰ ਭੁੱਲ ਜਾਂਦੇ ਹਨ ਕਿ ਬੇਸ਼ਕ ਸਦਾਚਾਰਕ ਤੇ ਮਾਨਵੀ ਕਦਰਾਂ-ਕੀਮਤਾਂ ਬਹੁਤ ਜ਼ਰੂਰੀ ਹਨ ਪਰੰਤੂ ਇਨ੍ਹਾਂ ਦਾ ਆਧਾਰ ਸਿਰਫ਼ ਦੈਵੀ ਹੈ। ਉਨ੍ਹਾਂ ਦੀ ਇਸ ਗਲਤੀ ਨੂੰ ਆਧੁਨਿਕ ਜਗਤ ਵਿਚ ਵਾਪਰ ਰਹੀਆਂ ਘਟਨਾਵਾਂ ਨੇ ਪੱਕਿਆਂ ਕਰ ਦਿੱਤਾ ਹੈ)।

ਧਰਮ ਦੀ ਸਹੀ ਪਰਿਭਾਸ਼ਾ ਦੇਣ ਲੱਗਿਆਂ ਸਾਨੂੰ ਇਹ ਗੱਲ ਯਾਦ ਰੱਖਣੀ ਪਵੇਗੀ ਕਿ ਇਹ ਪਰਿਭਾਸ਼ਾ ਸੁਝਾਵੀ (prescriptive) ਨਹੀਂ ਹੋ ਸਕਦੀ। ਇਹ ਵਰਣਾਤਮਕ (descriptive) ਹੀ ਹੋਵੇਗੀ। ਅਜਿਹਾ ਨਾ ਕਰਨਾ ਧਰਮ ਦੇ ਅੱਧੇ ਸੱਚ ਨੂੰ ਹੀ ਉਘਾੜ ਸਕੇਗਾ। ਧਰਮ ਇਸ ਸੰਸਾਰ ਵਿਚ ਮਨੁੱਖ ਦੇ ਅੰਦਰਲੇ ਦੈਵੀ ਤੱਤ ਦੇ ਪ੍ਰਗਟਾਵੇ ਦਾ ਹੀ ਨਾਂ ਹੈ। ਇਹ ਸਾਨੂੰ ਮਨੁੱਖ ਦੀ ਦੈਵੀ ਅਸਲੀਆਤ ਬਾਰੇ ਅਤੇ ਉਸ ਕਰਤਾ ਪੁਰਖ ਨਾਲ ਸੰਬੰਧਾਂ ਬਾਰੇ ਗਿਆਨ ਦਿੰਦਾ ਹੈ। ਪ੍ਰੰਤੂ ਇਸ ਤੋਂ ਇਹ ਭਾਵ ਬਿਲਕੁਲ

ਨਹੀਂ ਕਿ ਧਰਮ ਨੇ ਮਨੁੱਖ ਨੂੰ ਮਾਨਵਤਾ ਦੇ ਦੁਖ ਦੂਰ ਕਰਨ ਹਿਤ ਇਸ ਸੰਸਾਰ ਵਿਚ ਜਦੋ-ਜਹਿਦ ਕਰਨ ਤੋਂ ਰੋਕਿਆ ਹੈ। ਸੱਚੇ ਧਰਮ ਦੀਆਂ ਜੜ੍ਹਾਂ ਵੱਸਦੀਆਂ ਸਮਾਜ ਵਿਚ ਹਨ। ਧਰਮ ਸੱਚੇ ਅਤੇ ਸਹੀ ਸਮਾਜ ਦੀ ਆਧਾਰਸ਼ਿਲਾ ਹੁੰਦਾ ਹੈ। ਇਹੀ ਕਾਰਨ ਹੈ ਕਿ ਸਾਡੀਆਂ ਸਰਵੋਤਮ ਮਾਨਵੀ ਅਤੇ ਸਦਾਚਾਰਕ ਕੀਮਤਾਂ ਦਾ ਇਤਿਹਾਸਕ ਮੁੱਢ ਮਾਨਵਤਾ ਦੇ ਧਾਰਮਿਕ ਪਿਛੋਕੜ ਵਿਚ ਵਸਦਾ ਹੈ। ਅਸੀਂ ਕਹਿ ਸਕਦੇ ਹਾਂ ਕਿ ਧਰਮ ਮਨੁੱਖੀ ਜੀਵਨ ਦੇ ਅਧਿਆਤਮਕ ਅਤੇ ਸਮਾਜਕ ਦੋਵੇਂ ਪਹਿਲੂਆਂ ਤੇ ਇਕੋ ਜਿੰਨਾ ਜ਼ੋਰ ਦਿੰਦਾ ਹੈ। ਮਨੁੱਖ ਦੇ ਅਸੀਮ (ਅਕਾਲ ਪੁਰਖ) ਨਾਲ ਰਿਸ਼ਤੇ ਅਤੇ ਉਸ ਦੇ ਦੈਵੀ ਅਨੁਭਵ (Spiritual Realization) ਦਾ ਸਮਾਜਕ ਕਰਮਾਂ ਵਿਚੋਂ ਉਘੜ ਕੇ ਸਾਹਮਣੇ ਆਉਣਾ ਹੀ ਧਰਮ ਹੈ। ਸੱਚਾ ਧਰਮ ਤਾਂ ਸਾਡੇ ਆਚਰਣ ਦੇ ਹਰ ਪਹਿਲੂ ਨੂੰ ਪ੍ਰਭਾਵਿਤ ਕਰਦਾ ਹੈ। ਇਹ ਤਾਂ ਜੀਵਿਤ ਬਿਰਖ ਦੀ ਉਸ ਤਾਕਤ ਵਾਂਗ ਹੈ, ਜਿਹੜੀ ਦਰਖਤ ਦੀ ਹਰ ਟਹਿਣੀ, ਹਰ ਫਲ ਤੀਕ ਪਹੁੰਚ ਕਰਦੀ ਹੈ।

## ਸੁਭਾਅ ਅਤੇ ਘੇਰਾ (Nature and Scope)

ਧਰਮ ਦੀ ਪਰਿਭਾਸ਼ਾਵਾਂ ਇਸ ਦੇ ਮਾਨਵੀ ਜੀਵਨ ਦੇ ਅਧਿਆਤਮਕ ਅਤੇ ਸਮਾਜਕ ਵਿਹਾਰਕ ਪਹਿਲੂਆਂ ਨੇ ਧਰਮ ਦੇ ਖੇਤਰ ਧਰਮ ਦਾ ਅਸਲੀ ਮੰਤਵ ਮਨੁੱਖ ਦੀ ਆਂਤਰਿਕ ਅਤੇ ਸਮਾਜਕ ਜੀਵਨ-ਧਾਰਾ ਨੂੰ ਨਾਲ ਨਾਲ ਰੱਖਣਾ ਹੈ।ਧਰਮ ਇਕ ਸਮਾਜਕ ਵਰਤਾਰਾ ਹੈ ਕਿਉਂਕਿ ਇਹ ਮਾਨਵਤਾ ਦੇ ਸਦਾਚਾਰਕ ਪੱਧਰ ਨੂੰ ਉੱਚਾ ਚੁੱਕਣ ਦਾ ਯਤਨ ਕਰਦਾ ਹੈ।

ਧਰਮ ਸਿਰਫ਼ ਇੰਨ੍ਹਾਂ ਹੀ ਨਹੀਂ ਹੈ। ਇਹ ਯਤਨ ਤਾਂ ਇਕ ਹੋਰ ਉਚੇਰੇ ਆਦਰਸ਼ ਤੀਕ ਪਹੁੰਚਣ ਦਾ ਯਤਨ ਹੈ। ਇਹ ਉਚੇਰਾ ਆਦਰਸ਼ ਮਾਨਵ ਦੁਆਰਾ ਅਕਾਲ ਪੁਰਖ ਨਾਲ ਆਤਮਿਕ ਸਾਂਝ ਦਾ ਅਹਿਸਾਸ ਹੈ। ਇਹ ਉਹ ਅਹਿਸਾਸ ਹੈ ਜਿਹੜਾ ਮਨੁੱਖ ਨੂੰ ਸਮਾਜਕ ਜੀਵਨ ਵਿਚ ਵਿਚਰਦਿਆਂ ਹੋਇਆ ਵੀ ਦੈਵੀ ਗੁਣਾਂ ਦਾ ਜਾਣੂ ਬਣਨ ਦੇ ਸਮਰਥ ਬਣਾ ਦਿੰਦਾ ਹੈ; ਅਜਿਹਾ ਮਨੁੱਖ ਹੀ ਜੀਵਨ-ਮੁਕਤ ਹੈ, ਗੁਰਮੁੱਖ ਹੈ, ਬ੍ਰਹਮ-ਗਿਆਨੀ ਹੈ।ਗੁਰੂ ਅਰਜਨ ਦੇਵ ਜੀ ਨੇ ਸੁਖਮਨੀ ਸਾਹਿਬ ਵਿਚ ਕਿਹਾ ਹੈ ਕਿ ਬ੍ਰਹਮ ਗਿਆਨੀ ਤੇ ਪਰਮੇਸ਼ਰ ਵਿਚ ਭੇਦ ਨਹੀਂ ਰਹਿੰਦਾ। ਇਹ ਬ੍ਰਹਮ ਗਿਆਨੀ ਭਾਵੇਂ ਸਰੀਰਕ ਤੌਰ ਤੇ ਮਾਨਵੀ ਜਗਤ ਵਿਚ ਵਿਚਰਦਾ ਹੈ ਅਤੇ ਹੋਰ ਮਨੁੱਖਾਂ ਵਰਗਾ ਹੀ ਹੈ, ਪਰੰਤੂ ਆਂਤਰਿਕ ਪੱਖ ਤੋਂ ਅਕਾਲ ਪੁਰਖ ਨਾਲ ਆਪਣੀ ਮੂਲ-ਤੱਤ ਦੀ ਸਾਂਝ ਦੇ ਅਹਿਸਾਸ ਨੂੰ ਸਮਝ ਲੈਂਦਾ ਹੈ। ਆਪਣੇ ਆਪ ਲਈ ਇਹ ਸਮਝ ਅਤੇ ਮਾਨਵਤਾ ਨੂੰ ਇਹ ਅਹਿਸਾਸ ਦਿਵਾਉਣ ਦਾ ਯਤਨ ਧਰਮ ਦੇ ਕਾਰਜ-ਖੇਤਰ ਵਿਚ ਆਉਂਦੇ ਹਨ।

ਮਨੁੱਖ ਦੀ ਚੇਤਨਾ ਤਾਂ ਇਕ ਹੀ ਹੈ, ਪ੍ਰੰਤੂ ਵੱਖ-ਵੱਖ ਵਸਤਾਂ ਦੇ ਸੰਪਰਕ ਵਿਚ ਆਉਂਦਿਆਂ ਇਹ ਬਦਲਦੀ ਰਹਿੰਦੀ ਹੈ। ਜਿਵੇਂ ਮਨੁੱਖ ਧਿਆਨ ਅਤੇ ਬਿਬੇਕ ਨੂੰ ਵੱਖ-ਵੱਖ ਸਮਝ ਬੈਠਦੇ ਹਾਂ ਪ੍ਰੰਤੂ ਸ੍ਰੇਸ਼ਟ ਰੂਪ ਵਿਚ ਇਹ ਦੋਵੇਂ ਇਕੋ ਹੀ ਚੇਤਨਾਂ ਦੇ ਦੋ ਭਿੰਨ-ਭਿੰਨ ਕਰਮ ਹਨ। ਜਦੋਂ ਸਾਡੀ ਚੇਤਨਾ ਦਾ ਵਾਹ ਨਵੀਆਂ ਵਸਤੂਆਂ ਨਾਲ ਪੈਂਦਾ ਹੈ ਤਾਂ ਉਸ ਉਤੇ ਨਵੇਂ ਪ੍ਰਤਿਕਰਮ ਹੁੰਦੇ ਹਨ। ਇਹੋ ਕਾਰਨ ਹੈ ਕਿ ਧਰਮ ਦੀ ਪਰਿਭਾਸ਼ਾ ਦੀ ਤਰ੍ਹਾਂ ਹੀ ਧਰਮ ਦੇ ਲੱਛਣਾਂ ਅਤੇ ਕਾਰਜ - ਖੇਤਰ ਬਾਰੇ ਵੀ ਮਨੁੱਖ ਦੇ ਵਿਚਾਰ ਸਮੇ ਂ ਅਤੇ ਸਥਾਨ ਅਨੁਸਾਰ ਬਦਲਦੇ ਰਹੇ ਹਨ।ਜੇ ਇਸ ਗੱਲ ਨੂੰ ਸਿਰਫ਼ ਭਾਰਤੀ ਪ੍ਰਸੰਗ ਵਿਚ ਹੀ ਵਿਚਾਰੀਏ ਤਾਂ ਵੇਖਦੇ ਹਾਂ ਕਿ ਵੈਦਿਕ ਯੁਗ ਵਿਚ ਕਰਮ-ਕਾਂਡ ਧਰਮ ਦਾ ਮੁੱਖ ਲੱਛਣ ਬਣ ਕੇ ਸਾਹਮਣੇ ਆਇਆ। ਭਾਵੇਂ ਵੇਦਾਂ ਵਿਚ ਆਤਮਿਕ ਜੁਗਤੀਆਂ ਦੇ ਨਾਲ-ਨਾਲ ਵਿਵਹਾਰਿਕ ਜੀਵਨ ਬਾਰੇ ਵੀ ਬਹੁਤ ਕੁਝ ਲਿਖਿਆ ਮਿਲਦਾ ਹੈ। ਵੈਦਿਕ ਯੁੱਗ ਵਿਚ ਧਰਮ ਦਾ ਖੇਤਰ ਮਨੁੱਖ ਦੇ ਅਧਿਆਤਮਕ ਜੀਵਨ ਤਕ ਹੀ ਸੀਮਤ ਸੀ। ਵੈਦਿਕ ਕਾਲ ਤੋਂ ਪਹਿਲਾਂ ਦੀਆਂ ਸ਼੍ਰਮਣਿਕ ਪਰੰਪਰਾਵਾਂ ਅਤੇ ਪਿਛੋਂ ਦੇ

ਜੈਨ ਤੇ ਬੁੱਧ ਧਰਮ ਦੁਆਰਾ ਸੰਸਾਰ ਦੇ ਤਿਆਗ ਉਪਰ ਦਿੱਤਾ ਗਿਆ ਜ਼ੋਰ, ਧਰਮ ਨੂੰ ਇਸ ਸੰਸਾਰ ਅਤੇ ਇਥੋਂ ਦੇ ਜੀਵਨ ਨਾਲੋਂ ਅਪ੍ਰਸੰਗਕ ਕਰ ਦਿੰਦਾ ਹੈ। ਭਾਰਤੀ ਸਮਾਜ ਦੀ ਜਮਾਤ-ਪ੍ਰਣਾਲੀ ਅਨੁਸਾਰ ਵੰਡ, ਧਰਮ ਦਾ ਸਿਰਫ਼ ਇਕ ਵਰਣ ਤੀਕ ਸੀਮਿਤ ਰਹਿਣਾ ਆਦਿ ਕੁਝ ਅਜਿਹੇ ਮੁੱਢਲੇ ਕਾਰਨ ਸਨ ਜਿਨ੍ਹਾਂ ਨੇ ਭਾਰਤ ਨੂੰ ਕਈ ਸਦੀਆਂ ਉੱਤਰ-ਪੱਛਮ ਵਲੋਂ ਆਏ ਮੁਸਲਮਾਨ ਹਮਲਾਵਰਾਂ ਦੇ ਗੁਲਾਮ ਬਣਾਈ ਰਖਿਆ। ਇਸ ਸਮੇਂ ਦੇ ਧਰਮ ਨੇ ਸੰਸਾਰ ਨੂੰ ਮਿਥਿਆ (ਮਾਇਆ) ਮੰਨ ਕੇ ਚਲਣ ਉੱਪਰ ਜੋਰ ਦਿੱਤਾ ਗਿਆ ਹੈ। ਜਿਸ ਦੇ ਪਰਣਾਮ ਸਰੂਪ ਮਨੁੱਖ ਦੇ ਮਨ ਵਿਚ ਇਸ ਸੰਸਾਰ ਪ੍ਰਤੀ ਉਪਰਾਮਤਾ ਦੇ ਨਾਲ ਨਾਲ ਮਨੁੱਖ ਨੂੰ ਇਸ ਦੀ ਬੇਹਤਰੀ ਵਾਸਤੇ ਕੋਈ ਵੀ ਯਤਨ ਕਰਨ ਦੇ ਅਸਮਰਥ ਬਣਾ ਦਿਤਾ ਹੈ।

ਸਿੱਖ ਧਰਮ ਨੂੰ ਭਾਰਤੀ ਧਾਰਮਿਕ ਵਿਚਾਰਧਾਰਾ ਦੇ ਪ੍ਰਸੰਗ ਇਕ ਨਵੀਂ ਲਹਿਰ ਮੰਨਿਆ ਗਿਆ ਹੈ। ਇਹ ਭਾਰਤੀ ਵਿਚਾਰਧਾਰਾ ਦੀ ਲਗਾਤਾਰਤਾ (Continuity) ਨਹੀਂ ਦਰਸਾਉਂਦਾ ਕਿਉਂਕਿ ਇਹ ਇਕ ਇਲਹਾਮੀ ਅਤੇ ਸੁਤੰਤਰ ਧਰਮ ਹੈ। ਸਿੱਖ ਗੁਰੂਆਂ ਨੂੰ ਸਤਿ ਦਾ ਜੋ ਅਨੁਭਵ ਹੋਇਆ ਉਸ ਨੂੰ ਉਨ੍ਹਾਂ ਨੇ ਆਪਣੀ ਬਾਣੀ ਵਿਚ ਪਰਗਟ ਕੀਤਾ। ਇਸ ਮੱਤ ਦੇ ਪੈਰੋਕਾਰਾਂ ਨੇ ਪੁਰਾਤਨ ਭਾਰਤੀਆਂ ਦੁਆਰਾ ਧਰਮ ਦੇ ਲੱਛਣਾਂ ਅਤੇ ਕਾਰਜ ਖੇਤਰ ਪ੍ਰਤੀ ਗਲਤ ਧਾਰਨਾਵਾਂ ਨੂੰ ਮਹਿਸੂਸ ਕੀਤਾ, ਲੋਕਾਂ ਨੂੰ ਇਸ ਤੋਂ ਅਗਾਹ ਕੀਤਾ ਅਤੇ ਆਪਣੀਆਂ ਰਚਨਾਵਾਂ ਅਤੇ ਨਿੱਜੀ ਜੀਵਨ ਵਿਚੋਂ ਉਦਾਹਰਣਾਂ ਨਾਲ ਇਸ ਨੂੰ ਦਰੁਸਤ ਕਰਨ ਦਾ ਯਤਨ ਕੀਤਾ। ਉਨ੍ਹਾਂ ਅਨੁਸਾਰ ਮਨੁੱਖ ਦੇ ਜੀਵਨ ਦੇ ਅਧਿਆਤਮਕ ਅਤੇ ਵਿਵਹਾਰਕ ਦੋਵੇਂ ਪਹਿਲੂ ਧਰਮ ਦੇ ਖੇਤਰ ਵਿਚ ਆਉਂਦੇ ਹਨ । ਉਨ੍ਹਾਂ ਨੇ ਧਰਮ ਨੂੰ ਵਰਣ-ਆਸ਼ਰਮ ਦੇ ਘੇਰੇ ਵਿਚੋਂ ਕੱਢਕੇ ਮਨੁੱਖ ਦੀ ਸਮੁੱਚੀ ਜ਼ਿੰਦਗੀ ਨਾਲ ਜੋੜਿਆ ਜਿਸ ਅਨੁਸਾਰ ਸਾਰੇ ਮਨੁੱਖ ਬਰਾਬਰ ਦੇ ਹੱਕਦਾਰ ਹਨ। ਇਸ ਤਰ੍ਹਾਂ ਧਰਮ ਨੂੰ ਸੰਨਿਆਸ ਨਾਲੋਂ ਤੋੜ ਕੇ ਗ੍ਰਹਿਸਤ ਜੀਵਨ ਨਾਲ ਜੋੜਿਆ। ਸਿੱਖ ਧਰਮ ਅਨੁਸਾਰ ਮਨੁੱਖ ਦੇ ਅਧਿਆਤਮਕ ਅਨੁਭਵ (Spiritual realization) ਨੇ ਉਸ ਦੇ ਕਰਮਾਂ ਵਿਚੋਂ ਪਰਗਟ ਹੋਣਾ ਹੈ। ਇਸ ਅਨੁਭਵ ਨੇ ਮਨੁੱਖ ਦੀ ਘਾੜਤ ਕਰਨੀ ਹੈ ਅਤੇ ਸਮੁੱਚੇ ਵਿਅਕਤਿਤਵ ਦੀ ਕਾਇਆ-ਕਲਪ (transformation) ਕਰਨੀ ਹੈ। "ਮਨ ਤੂੰ ਜੋਤਿ ਸਰੂਪ ਹੈ ਆਪਣਾ ਮੂਲ ਪਛਾਣ"। ਸਮਾਜ ਵਿਗਿਆਨ (Sociology) , ਮਾਨਵ ਵਿਗਿਆਨ (anthropology) ਅਤੇ ਕੁਝ ਹੋਰ ਅਕਾਦਮਿਕ ਅਦਾਰਿਆਂ ਨੇ ਵੀ ਧਰਮ ਦੇ ਖੇਤਰ ਨੂੰ ਨਿਰਧਾਰਤ ਕਰਨ ਵਿਚ ਆਪਣਾ ਯੋਗਦਾਨ ਪਾਇਆ। ਇਨ੍ਹਾਂ ਵਿਗਿਆਨਾਂ ਨੇ ਧਰਮ ਨੂੰ ਉਸ ਦੇ ਸਮਾਜਕ, ਆਰਥਕ ਇਤਿਹਾਸਕ ਅਤੇ ਸਭਿਆਚਾਰਕ ਸੰਦਰਭ ਵਿਚ ਰਖ ਕੇ ਵਿਚਾਰਿਆ ਹੈ। ਉਨ੍ਹਾਂ ਨੇ ਧਰਮ ਨੂੰ ਐਬਸਟ੍ਰੈਕਟ ਵਿਚਾਰਧਾਰਾ ਜਾਂ ਕਦਰਾਂ-ਕੀਮਤਾਂ ਤੱਕ ਹੀ ਸੀਮਤ ਰੱਖ ਕੇ ਨਹੀਂ ਵਿਚਾਰਿਆ। ਸਗੋਂ ਉਨ੍ਹਾਂ ਨੇ ਅਧਿਆਤਮਕ ਵਿਚਾਰਧਾਰਾ ਨੂੰ ਸਮੁੱਚੇ ਸਭਿਆਚਾਰਕ ਸੰਦਰਭ ਵਿਚ ਰਖਿਆ ਅਤੇ ਧਾਰਮਿਕ ਵਿਸ਼ਵਾਸ਼ਾਂ, ਰੀਤੀ ਰਿਵਾਜ਼ਾਂ ਆਦਿ ਨੂੰ ਏਸੇ ਸੰਦਰਭ ਵਿਚ ਰਖਿਆ ਅਤੇ ਰੱਖ ਕੇ ਸਮਝਣ ਦਾ ਯਤਨ ਕੀਤਾ।

ਸਹੀ ਧਰਮ ਦਾ ਪਹਿਲਾ ਲੱਛਣ ਮਨੁੱਖ ਨੂੰ ਉਸ ਦੇ ਸਹੀ ਆਪੇ ਅਤੇ ਅਸਲੀਅਤ ਦਾ ਅਹਿਸਾਸ ਕਰਵਾਉਣਾ ਹੈ। ਇਹ ਅਹਿਸਾਸ ਉਸ ਮਨੁੱਖ ਨੂੰ ਉਸ ਦੀ ਦੈਵੀ ਅਸਲੀਅਤ ਅਤੇ ਉਸ ਦੀ ਤੱਤ-ਰੂਪ ਵਿਚ ਅਕਾਲ ਪੁਰਖ ਨਾਲ ਸਾਂਝ ਤੋਂ ਜਾਣੂ ਕਰਵਾਉਂਦਾ ਹੈ, ਕਿਉਂਕਿ ਦੈਵੀ ਤੱਤ ਸਮੁੱਚੇ ਬ੍ਰਹਿਮੰਡ (ਲੋਕ ਚਤੁਰਦਸ) ਅਤੇ ਸਮੁੱਚੇ ਜੀਵ-ਜਗਤ (ਹਸਤ ਕੀਟ ਕੇ ਬੀਚ ਸਮਾਨਾ) ਵਿਚ ਵਿਦਮਾਨ ਹਨ। ਇਹ ਅਹਿਸਾਸ ਸਿਰਫ਼ ਕੱਟੜਤਾ ਨਹੀਂ, ਇਹ ਅਹਿਸਾਸ ਸਾਡੀਆਂ ਸਦਾਚਾਰਕ ਕੀਮਤਾਂ ਦਾ ਸ੍ਰੋਤ ਹੈ। ਸਮੁੱਚੀ ਮਾਨਵਤਾ ਦੀ ਆਤਮਿਕ ਸਾਂਝ ਇਕ ਅਜਿਹੇ ਭਾਈਚਾਰੇ ਨੂੰ ਜਨਮ ਦਿੰਦੀ ਹੈ, ਜਿਸ ਵਿਚ ਨਾ

ਕੋਈ ਵੱਡਾ ਹੈ ਨਾ ਛੋਟਾ, ਨਾ ਕੋਈ ਉੱਚਾ ਹੈ ਤੇ ਨਾ ਕੋਈ ਨੀਵਾਂ। ਬਰਾਬਰਤਾ ਦਾ ਇਹ ਅਹਿਸਾਸ, ਆਪਸੀ ਪਿਆਰ ਅਤੇ ਦੂਸਰਿਆਂ ਦੀ ਸੇਵਾ ਪ੍ਰਤੀ ਵੀ ਜਾਗਰੂਕ ਕਰਦਾ ਹੈ। ਇਸ ਤਰ੍ਹਾਂ ਧਰਮ ਦਾ ਅਧਿਆਤਮਕ ਪਹਿਲੂ, ਮਨੁੱਖ ਦੇ ਸਮਾਜਿਕ ਵਿਵਹਾਰਕ ਜੀਵਨ ਦਾ ਆਧਾਰ ਬਣ ਨਿਬੜਦਾ ਹੈ।

## ਪ੍ਰਸ਼ਨ

1. ਧਰਮ ਦੀ ਵਿਆਖਿਆ ਕਰਦਿਆਂ, ਇਸ ਦੀ ਪ੍ਰਸੰਗਕਤਾ ਸਥਾਪਤ ਕਰੋ।
2. ਧਰਮ ਦੇ ਸੁਭਾ ਅਤੇ ਸੀਮਾਵਾਂ ਬਾਰੇ ਚਰਚਾ ਕਰੋ।

**ਪਾਠ ਨੰਬਰ : 1.2**

# ਧਰਮ : ਵਿਧੀ ਤੇ ਖੇਤਰ

## ਭੂਮਿਕਾ

ਧਰਮ ਦੇ ਖੇਤਰ ਤੋਂ ਭਾਵ ਇਸ ਦੀ ਕਾਰਜਸ਼ਾਲ ਤੋਂ ਹੈ।

ਧਰਮ ਦੇ ਸਰੂਪ ਅਤੇ ਖੇਤਰ ਸੰਬੰਧੀ ਕਿਸੇ ਵੀ ਕਿਸਮ ਦੀ ਵਿਆਖਿਆ, ਆਰੰਭ ਕਰਨ ਤੋਂ ਪਹਿਲਾਂ ਹੀ ਜਾਣ ਲੈਣਾ ਚਾਹੀਦਾ ਹੈ ਕਿ ਅਜਿਹਾ ਹਰੇਕ ਯਤਨ ਇਕ ਸੀਮਤ ਯਤਨ ਹੁੰਦਾ ਹੈ। ਵਿਆਖਿਆ ਵਰਣਨ ਬੁੱਧੀ ਦੇ ਘੇਰੇ ਦਾ ਕਾਰਜ ਹੈ ਜਦੋਂ ਕਿ ਧਰਮ ਬੁੱਧੀ ਦੇ ਸੀਮਤ ਘੇਰੇ ਤੋਂ ਕਿਤੇ ਵਿਆਪਕ ਅਤੇ ਅਥਾਹ ਗਹਿਰਾਈਆਂ ਤੱਕ ਵਿਆਪਕ ਹੁੰਦਾ ਹੈ।ਧਰਮ ਦੇ ਕੇਂਦਰੀ ਤੱਤ ਨੂੰ ਅਨੰਤ, ਅਸੀਮ, ਅਕਾਲ, ਅਗਿਆਤ, ਅਗੰਮ, ਅਪਹੁੰਚ, ਆਦਿ ਨਕਾਰਾਤਮਕ ਵਿਧੀ ਦੁਆਰਾ ਵਰਨਣ ਕਰਨ ਦੇ ਆਮ ਯਤਨ ਵੀ ਅਜਿਹੀ ਪ੍ਰਕਰਤੀ ਦੇ ਲਖਾਇਕ ਹਨ। ਧਰਮ ਦੇ ਗਿਆਨ ਸੰਬੰਧੀ ਇਹ ਧਾਰਨਾ ਲਗਭਗ ਸਰਵਪ੍ਰਵਾਣਿਤ ਹੈ ਕਿ ਇਹ ਬੌਧਿਕ ਵਿਧੀ ਰਾਹੀਂ ਪ੍ਰਾਪਤ ਗਿਆਨ ਬੁੱਧੀ ਦਾ ਹੈ। ਬੁੱਧੀ ਸ਼ਾਇਦ ਬੀਤੇ ਅਤੇ ਵਰਤਮਾਨ ਨੂੰ ਕੁਝ ਹੱਦ ਤੱਕ ਬਿਆਨ ਕਰ ਸਕਦੀ ਹੋਵੇ ਪਰੰਤੂ ਧਰਮ ਦੇ ਖੇਤਰ ਵਿਚ ਤਾਂ ਕਾਲਬੋਧ ਦੀ ਕੋਈ ਸੀਮਾ ਨਹੀਂ ਹੈ। ਬੁੱਧੀ ਮਨੁੱਖੀ ਸਖਸ਼ੀਅਤ ਦੇ ਚੇਤੰਨ ਪੱਖ ਨੂੰ ਕੁੱਝ ਹੱਦ ਤੱਕ ਜਾਣ ਸਕਦੀ ਹੈ ਪ੍ਰੰਤੂ ਧਰਮ ਮਨੁੱਖੀ ਸਖਸ਼ੀਅਤ ਦੇ ਚੇਤੰਨ, ਅਰਧ ਚੇਤੰਨ ਅਤੇ ਅਵਚੇਤਨ ਸਭ ਖੇਤਰਾਂ ਨੂੰ ਆਪਣੇ ਕਲਾਵੇ ਵਿੱਚ ਲੈਂਦਾ ਹੈ। ਬੁੱਧੀ ਮਨੁੱਖੀ ਜੀਵਨ ਦੇ ਬੌਧਿਕ ਪੱਖ ਨਾਲ ਸੰਬੰਧਿਤ ਹੈ ਜਦੋਂ ਕਿ ਧਰਮ, ਬੁੱਧੀ, ਭਾਵਨਾ, ਇੱਛਾ ਸ਼ਕਤੀ ਸਭ ਦੀ ਬੁਨਿਆਦ ਅਤੇ ਪ੍ਰੇਰਨਾ ਬਣਦਾ ਹੈ।ਬੁੱਧੀ ਸ਼ਾਇਦ ਲੌਕਿਕ, ਦ੍ਰਿਸ਼ਟਮਾਨ ਬਾਰੇ ਭਰੋਸੇ ਨਾਲ ਕੁਝ ਜਾਣ ਸਕਦੀ ਹੈ ਜਦੋਂ ਕਿ ਧਰਮ ਅਲੌਕਿਕ ਅਤੇ ਅਦ੍ਰਿਸ਼ਟਮਾਨ ਨਾਲ ਵੀ ਵੱਧ ਨੇੜਤਾ ਨਾਲ ਜੁੜਿਆ ਹੁੰਦਾ ਹੈ। ਧਰਮ ਦੇ ਸਰੂਪ ਦੀ ਵਿਆਖਿਆ ਦੇ ਹਰੇਕ ਬੋਧਿਕ ਯਤਨ ਸੀਮਤ ਘੇਰੇ ਵਾਲੇ ਹੁੰਦੇ ਹਨ।ਦਰਸ਼ਨ ਅਤੇ ਧਰਮ ਸ਼ਾਸ਼ਤਰ ਦੇ ਖੇਤਰ ਵਿਚ ਜਦੋਂ ਵਿਦਵਾਨ ਵਿਆਖਿਆਕਾਰ ਧਰਮ ਸੰਬੰਧੀ ਬੋਧਿਕ ਵਿਸ਼ਲੇਸ਼ਣ ਪ੍ਰਸਤੁਤ ਕਰ ਕਰ ਥਕ ਗਏ ਤਾਂ ਜਰਮਨੀ ਦੇ ਪ੍ਰਸਿਧ ਧਰਮ-ਸ਼ਾਸ਼ਤ੍ਰੀ Rudolf Otto ਨੇ ਆਪਣੀ ਪੁਸਤਕ The Idea of the Holy ਵਿਚ ਧਰਮ ਦੇ ਪਰਾਬੌਧਿਕ ਪੱਖ ਦਾ ਕੁਝ ਉਲੇਖ ਕੀਤਾ। ਧਰਮ ਦੇ ਖੇਤਰ ਵਿਚ ਉਸ ਦੀ ਵਿਆਖਿਆ ਨੂੰ ਕਾਫ਼ੀ ਹੱਦ ਤੱਕ ਉਚਿਤ ਪ੍ਰਵਾਨ ਕਰ ਲਿਆ ਗਿਆ।

ਧਰਮ ਦੇ ਵਿਆਪਕ ਖੇਤਰ ਦੇ ਪ੍ਰਸੰਗ ਵਿਚ ਬੌਧਿਕ ਵਿਸ਼ਲੇਸ਼ਣ ਦੀ ਸੀਮਾ ਪ੍ਰਗਟ ਕਰਨ ਦਾ ਯਤਨ ਕੀਤਾ ਹੈ। ਕੇਵਲ ਵਰਤਮਾਨ ਜੀਵਨ ਵਿਚ ਹੀ ਧਰਮ ਦੀ ਵਿਆਪਕਤਾ ਦਾ ਜ਼ਿਕਰ ਕਰਦਿਆਂ ਪ੍ਰਸਿੱਧ ਮਾਨਵ-ਵਿਗਿਆਨੀ Annemarie de waal Malefijit ਆਪਣੀ ਪੁਸਤਕ "Religion and Culture" ਵਿਚ ਲਿਖਦੀ ਹੈ :

"ਧਰਮ ਮਨੁੱਖੀ ਸਭਿਆਚਾਰ ਦੇ ਸਭ ਤੋਂ ਮਹੱਤਵਪੂਰਣ ਪੱਖਾਂ ਵਿਚੋਂ ਹੈ।... ਨਾ ਸਿਰਫ਼ ਇਹ ਸਭ ਗਿਆਤ ਮਨੁੱਖੀ ਸਮਾਜਾਂ ਵਿਚ ਪਾਇਆ ਜਾਂਦਾ ਹੈ, ਬਲਕਿ ਦੂਜੀਆਂ ਸਭਿਆਚਾਰਕ ਸੰਸਥਾਵਾਂ ਤੇ ਵੀ ਮਹੱਤਵਪੂਰਣ ਰੂਪ ਵਿਚ ਪ੍ਰਭਾਵਕਾਰੀ ਹੁੰਦਾ ਹੈ। ਇਹ ਪਦਾਰਥਕ ਸਭਿਆਚਾਰ, ਮਨੁੱਖੀ ਵਰਤਾਵ ਅਤੇ ਮੁੱਲ ਵਿਧਾਨ, ਸਦਾਚਾਰ ਅਤੇ ਨੀਤੀ ਸ਼ਾਸ਼ਤਰ ਰਾਹੀਂ ਪ੍ਰਗਟ ਹੁੰਦਾ ਹੈ। ਇਹ ਪਰਿਵਾਰ ਸੰਸਥਾ, ਵਿਆਹ, ਅਰਥ-ਸ਼ਾਸ਼ਤਰ, ਰਾਜਨੀਤੀ ਤੇ ਪ੍ਰਭਾਵ ਪਾਉਂਦਾ ਹੈ ਅਤੇ ਚਕਿਤਸਾ ਵਿਗਿਆਨ ਦੇ ਖੇਤਰਾਂ ਵਿਚ ਪ੍ਰਵੇਸ਼ ਕਰਦਾ ਹੈ। ਇਸ

ਨੇ ਵਿਦਰੋਹਾਂ ਅਤੇ ਯੁੱਧਾਂ ਨੂੰ ਵੀ ਪ੍ਰੇਰਿਤ ਕੀਤਾ ਹੈ। ਨਾਲ ਹੀ ਕਲਾ ਦੇ ਅਦਭੁਤ ਨਮੂਨਿਆਂ ਨੂੰ ਵੀ ਪ੍ਰਭਾਵਿਤ ਕੀਤਾ ਹੈ। ਕਿਸੇ ਹੋਰ ਸਭਿਆਚਾਰਕ ਸੰਸਥਾ ਦੇ ਪ੍ਰਗਟਾਵੇ ਅਤੇ ਪ੍ਰਭਾਵਾਂ ਦਾ ਘੇਰਾ ਇਨ੍ਹਾਂ ਵਿਆਪਕ ਨਹੀਂ। ਭੌਤਿਕ ਵਾਤਾਵਰਣ ਧਾਰਮਿਕ ਸੰਬੰਧਾਂ ਅਤੇ ਵਿਚਾਰਾਂ ਦੀ ਸੀਮਾ ਨਹੀਂ। ਉਨ੍ਹਾਂ ਦੇ ਸੂਤਰੀਕਰਣ ਲਈ ਹੋਰ ਕੋਈ ਸੀਮਾ ਨਹੀਂ ਹੁੰਦੀ ਸਿਵਾਏ ਮਨੁੱਖੀ ਮਨ ਦੇ ਆਪਣੇ ਖੋਜੀ ਜੋਸ਼ ਦੇ।" (ਪੰਨਾ 1)

## ਧਰਮ ਦੀ ਪਰਿਭਾਸ਼ਾ ਦੀਆਂ ਸਮੱਸਿਆਵਾਂ

ਹੁਣ ਸਮੱਸਿਆ ਉਭਰ ਕੇ ਸਾਹਮਣੇ ਆਈ ਕਿ ਧਰਮ ਦੇ ਜੀਵਨ ਅਤੇ ਸਭਿਆਚਾਰ ਵਿਚ ਵਿਆਪਕ ਅਤੇ ਮਿਸ਼ਰਤ ਸਰੂਪ ਨੂੰ ਬਿਆਨ ਕਿਸ ਤਰ੍ਹਾਂ ਕੀਤਾ ਜਾਵੇ ਅਰਥਾਤ ਇਸ ਦੀ ਪਰਿਭਾਸ਼ਾ ਕਿਵੇਂ ਕੀਤੀ ਜਾਵੇ? ਧਰਮ ਅਧਿਐਨ ਦੇ ਖੇਤਰ ਵਿਚ ਮਾਨਤਾ ਪ੍ਰਾਪਤ ਵਿਦਵਾਨਾਂ ਦੀਆਂ ਧਰਮ ਸੰਬੰਧੀ ਪਰਿਭਾਸ਼ਾਵਾਂ ਪ੍ਰਸਤੁਤ ਕਰਨ ਤੋਂ ਪਹਿਲਾਂ ਧਰਮ ਦੀ ਪਰਿਭਾਸ਼ਾ ਦੇ ਯਤਨ ਅਤੇ ਆਰੰਭ ਬਾਰੇ ਥੋੜਾ ਜਾਣ ਲੈਣਾ ਲਾਹੇਵੰਦ ਹੋਵੇਗਾ। ਕਿਉਂਕਿ ਇਹ ਵੀ ਧਰਮ ਦੀ ਪਰਿਭਾਸ਼ਾ ਨਾਲ ਜੁੜੀਆਂ ਸਮੱਸਿਆਵਾਂ ਵਿਚੋਂ ਇਕ ਹੈ। ਧਰਮ ਦੀ ਵਿਆਖਿਆ ਦੇ ਯਤਨ ਤਾਂ ਮਨੁੱਖੀ ਜੀਵਨ ਵਿਚ ਧਰਮ ਜਿੰਨ੍ਹੇ ਹੀ ਪੁਰਾਣੇ ਹਨ ਭਾਵੇਂ ਉਸ ਦਾ ਰੂਪ ਪਰੀਕਥਾ ਜਾਂ ਮਿੱਥ ਕੁਝ ਵੀ ਰਿਹਾ ਹੋਵੇ। ਪਰੰਤੂ ਧਰਮ ਨੂੰ ਜੀਵਨ ਦੇ ਬਾਕੀ ਪੱਖਾਂ ਪਸਾਰਾਂ ਤੋਂ ਵੱਖਰੇ ਕਰਕੇ ਪਰਿਭਾਸ਼ਤ ਕਰਨ ਦਾ ਯਤਨ ਬਹੁਤਾ ਪੁਰਾਣਾ ਨਹੀਂ। ਇਸ ਨੂੰ ਧਰਮ ਦੇ ਵਿਗਿਆਨਕ ਅਧਿਐਨ ਦੇ ਆਰੰਭ ਨਾਲ ਹੀ ਜੋੜਿਆ ਜਾ ਸਕਦਾ ਹੈ ਅਤੇ ਇਸ ਦੇ ਪਿਛੇ ਪੱਛਮ ਦੇ ਖਿਆਲੀ, ਬੋਧਿਕ ਅਤੇ ਵਿਗਿਆਨਕ ਝੁਕਾਵਾਂ ਨੂੰ ਬਿਨ੍ਹਾਂ ਕਿਸੇ ਡੂੰਘੇ ਯਤਨ ਦੇ ਪਹਿਚਾਣਿਆ ਜਾ ਸਕਦਾ ਹੈ।ਮੂਲ ਵਿਚ ਇਹ ਪੱਛਮੀ ਹੋਣ ਕਾਰਨ ਯਹੂਦੀ-ਈਸਾਈ ਪੱਛਮੀ ਧਾਰਮਿਕ ਵਿਰਾਸਤ ਤੋਂ ਕਾਫ਼ੀ ਗਹਿਰੇ ਰੂਪ ਵਿਚ ਪ੍ਰਭਾਵਿਤ ਹੈ। ਪੱਛਮੀ ਯਹੂਦੀ, ਈਸਾਈ, ਮੁਸਲਿਮ ਈਸ਼ਵਰਵਾਦੀ ਪਰੰਪਰਾ ਵਿਚ ਰੱਬ ਅਤੇ ਉਸ ਦੀ ਰਚਨਾ ਅਤੇ ਰੱਬ ਅਤੇ ਮਨੁੱਖ ਵਿਚਕਾਰ ਬੁਨਿਆਦੀ ਨਖੇੜਾ ਦਰਸਾਈ ਗਈ ਹੈ । ਰੱਬ ਸ੍ਰਿਸ਼ਟੀ ਅਤੇ ਮਨੁੱਖ ਦਾ ਰਚਨਹਾਰ ਅਤੇ ਸੰਚਾਲਕ ਹੈ। ਪ੍ਰੰਤੂ ਉਹ ਆਪ ਇਸ ਤੋਂ ਸੁਤੰਤਰ ਅਤੇ ਪਰ੍ਹਾਂ ਹੈ। ਪਰਸਪਰ ਰੱਬ ਅਤੇ ਰੱਬ ਦੀ ਰਚਨਾ ਵਿਚਕਾਰ ਬੁਨਿਆਦੀ ਦਵੰਦ ਜਾਂ ਵੰਡ ਦੀ ਧਾਰਨਾ ਪੱਛਮੀ ਧਾਰਨਾ ਹੈ ਅਤੇ ਇਸ ਧਾਰਨਾ ਨੇ ਧਰਮ ਨੂੰ ਪਰਿਭਾਸ਼ਤ ਕਰਨ ਦੇ ਵਿਗਿਆਨਕ ਯਤਨਾਂ ਨੂੰ ਬਹੁਤ ਗਹਿਰੇ ਰੂਪ ਵਿਚ ਪ੍ਰਭਾਵਿਤ ਕੀਤਾ ਹੈ। ਇਸ ਦੇ ਨਾਲ ਹੀ ਧਰਮ ਸੰਬੰਧੀ ਸਿਧਾਂਤ ਸਿਰਜਨ ਦਾ ਵਿਚਾਰ ਵੀ ਪੱਛਮੀ ਧਰਮਾਂ ਵਿਚ ਭਾਵਨਾਵਾਂ ਅਤੇ ਅਮਲਾਂ ਤੋਂ ਵੱਧ ਸਿਧਾਂਤ ਦੇ ਕੇਂਦਰੀ ਬਲ ਦੇ ਫਲਸਰੂਪ ਹੈ। ਕਿਉਂਕਿ ਧਰਮ ਨੂੰ ਪਰਿਭਾਸ਼ਿਤ ਕਰਨ ਦੇ ਯਤਨਾਂ ਵਿਚ ਪੱਛਮੀ ਵਿਦਵਾਨਾਂ ਨੇ ਪਹਿਲ ਕੀਤੀ ਹੈ, ਇਸ ਕਾਰਨ ਹੁਣ ਤੱਕ ਧਰਮ ਨੂੰ ਪਰਿਭਾਸ਼ਿਤ ਕਰਨ ਦੇ ਯਤਨਾਂ ਵਿਚ ਉਨ੍ਹਾਂ ਦੇ ਅਜਿਹੇ ਇਕ ਪਾਸੜ ਝੁਕਾਵਾਂ ਨੂੰ ਸਹਿਜੇ ਹੀ ਪਹਿਚਾਣਿਆ ਜਾ ਸਕਦਾ ਹੈ। ਜਿਨ੍ਹਾਂ ਪੱਛਮੀ ਵਿਦਵਾਨਾਂ ਨੇ ਚੇਤੰਨ ਰੂਪ ਵਿਚ ਇਸ ਵੰਡ ਤੋਂ ਉਪਰ ਉਠ ਕੇ ਸਰਵ ਪ੍ਰਵਾਨਿਤ ਪਰਿਭਾਸ਼ਾ ਦਾ ਯਤਨ ਕੀਤਾ ਉਨ੍ਹਾਂ ਵਿਦਵਾਨਾਂ ਦੀਆਂ ਪਰਿਭਾਸ਼ਾਵਾਂ ਵੀ ਇਸ ਦਵੈਤ ਦੇ ਅਚੇਤ ਪ੍ਰਭਾਵ ਤੋਂ ਪੂਰੀ ਤਰ੍ਹਾਂ ਮੁਕਤ ਨਹੀਂ ਕਹੀਆਂ ਜਾ ਸਕਦੀਆਂ। ਇਸ ਦੀ ਇਕ ਉਦਾਹਰਣ Rudolf Otto ਦੁਆਰਾ ਪ੍ਰਸਤੁਤ ਪਵਿੱਤਰ ਨੂੰ Holy other ਕਰਕੇ ਬਿਆਨ ਕਰਨ ਦੇ ਯਤਨ ਵਿਚ ਦਸੀ ਜਾ ਸਕਦੀ ਹੈ :

"ਇਥੇ ਹੀ ਬਸ ਨਹੀਂ। ਧਰਮ ਦੇ ਅਸੀਮ ਪ੍ਰਭਾਵ ਖੇਤਰ ਕਾਰਨ ਵੱਖ ਵੱਖ ਵਿਸ਼ਿਆਂ ਜਾਂ ਅਨੁਸ਼ਾਸ਼ਨਾਂ ਨਾਲ ਜੁੜੇ ਵਿਦਵਾਨਾਂ ਨੇ ਧਰਮ ਦੇ ਸਰੂਪ ਨੂੰ ਬਿਆਨ ਕਰਨ ਦੇ ਯਤਨ ਕੀਤੇ ਹਨ ਜਿਵੇਂ ਕਿ ਸਮਾਜ ਵਿਗਿਆਨੀਆਂ, ਮਾਨਵ ਵਿਗਿਆਨੀਆਂ, ਮਨੋਵਿਗਿਆਨੀਆਂ, ਭਾਸ਼ਾ ਵਿਗਿਆਨੀਆਂ ਆਦਿ ਨੇ। ਪ੍ਰੰਤੂ ਵੱਖਰੇ ਵੱਖਰੇ ਅਨੁਸ਼ਾਸ਼ਨਾਂ ਨਾਲ ਸੰਬੰਧਿਤ ਧਰਮ ਨੂੰ ਪਰਿਭਾਸ਼ਤ ਕਰਨ ਦੇ ਅਜਿਹੇ ਯਤਨ ਉਨ੍ਹਾਂ ਦੇ ਅਧਿਐਨ ਖੇਤਰ ਵਿਚ ਧਰਮ ਦੇ ਪ੍ਰਭਾਵ ਅਤੇ ਉਨ੍ਹਾਂ ਦੀਆਂ ਅਧਿਐਨ ਵਿਧੀਆਂ ਤੋਂ ਬਹੁਤ ਹੱਦ ਤੱਕ ਪ੍ਰਭਾਵਿਤ ਹੁੰਦੇ ਹਨ।ਧਰਮ ਦੀਆਂ ਅਜਿਹੀਆਂ ਪਰਿਭਾਸ਼ਾਵਾਂ ਤੇ ਘਟਾਓਵਾਦ ਦਾ ਦੋਸ਼ ਆਮ ਲਾਇਆ

ਜਾਂਦਾ ਹੈ । ਜਿਹੜਾ ਕਿ ਆਧਾਰ ਰਹਿਤ ਨਹੀਂ ਹੈ। ਸਮਾਜ ਵਿਗਿਆਨੀਆਂ ਦੁਆਰਾ ਧਰਮ ਨੂੰ ਸਮਾਜ ਦਾ ਪ੍ਰਤੀਬਿੰਬ ਕਹਿਣਾ ਜਾਂ ਮਨੋਵਿਗਿਆਨੀਆਂ ਦੁਆਰਾ ਧਰਮ ਨੂੰ ਮਨੋਵਿਗਿਆਨਕ ਤੱਤਾਂ ਵਿਚ ਵੰਡ ਕੇ ਦੇਖਣਾ ਧਰਮ ਦੀ ਵਿਆਖਿਆ ਦੇ ਘਟਾਓਵਾਦੀ ਯਤਨਾਂ ਦੇ ਉਦਾਹਰਣ ਹਨ।"

## ਧਰਮ ਦੀ ਪਰਿਭਾਸ਼ਾ

ਧਰਮ ਦੀ ਵਿਆਪਕਤਾ ਅਤੇ ਵਿਸ਼ਾਲਤਾ ਕਾਰਣ ਵੀ ਇਸ ਦੇ ਸਮੁੱਚੇ ਪੱਖਾਂ ਨੂੰ ਕਿਸੇ ਇਕ ਪਰਿਭਾਸ਼ਾ ਵਿਚ ਸਮੇਟਣਾ ਲਗਭਗ ਅਸੰਭਵ ਹੈ। ਧਰਮ ਦੀ ਵਿਆਖਿਆ ਦੇ ਯਤਨਾਂ ਦੀ ਅਜਿਹੀ ਸੀਮਾਂ ਵੀ ਸਹਿਜੇ ਹੀ ਪਛਾਣੀ ਜਾ ਸਕਦੀ ਹੈ। ਧਰਮ ਦੀ ਪਰਿਭਾਸ਼ਾ ਕਰਨ ਵਾਲੇ ਵਿਦਵਾਨਾਂ ਵਿਚੋਂ ਵੱਡੀ ਗਿਣਤੀ ਵਿਚ ਵਿਦਵਾਨਾਂ ਨੇ ਧਰਮ ਦੇ ਕਿਸੇ ਇਕ ਪੱਖ ਨੂੰ ਕੇਂਦਰੀ ਮੰਨ ਕੇ ਪਰਿਭਾਸ਼ਿਤ ਕਰਨ ਦਾ ਉਪਰਾਲਾ ਕੀਤਾ ਹੈ। ਇਸ ਕਰਕੇ ਧਰਮ ਦੀ ਕੋਈ ਵੀ ਇਕ ਪਰਿਭਾਸ਼ਾ ਸਾਰਵਿਕ ਜਾਂ ਸਰਵ ਪ੍ਰਵਾਨਿਤ ਨਹੀਂ ਬਣ ਸਕੀ। ਹਾਂ, ਅਜਿਹੀਆਂ ਪਰਿਭਾਸ਼ਾਵਾਂ ਵਿਚ ਬਣਾਏ ਕੇਂਦਰੀ ਤੱਤ ਧਰਮ ਦੇ ਸਰੂਪ ਨੂੰ ਸਮਝਣ ਵਿਚ ਸੀਮਤ ਯੋਗਦਾਨ ਪ੍ਰਦਾਨ ਕਰਦੇ ਹਨ। ਇਥੇ ਅਸੀਂ ਧਰਮ ਦੇ ਸਰੂਪ ਦਾ ਬਿਆਨ ਕਰਦੇ ਕੁਝ ਪ੍ਰਮੁੱਖ ਯਤਨਾਂ ਦੇ ਉਦਾਹਰਣ ਪ੍ਰਸਤੁਤ ਕਰ ਸਕਦੇ ਹਾਂ।

- E.B. Tylor ਅਨੁਸਾਰ ਧਰਮ "ਅਧਿਆਤਮਿਕ ਹਸਤੀਆਂ ਵਿਚ ਵਿਸ਼ਵਾਸ਼ ਹੈ"
- James Martineau ਅਨੁਸਾਰ 'ਧਰਮ ਇਕ ਸਦੀਵੀ ਸਜੀਵ ਰੱਬ ਵਿਚ ਵਿਸ਼ਵਾਸ਼ ਹੈ ਅਰਥਾਤ ਇਕ ਦੈਵੀ ਮਨ ਅਤੇ ਇੱਛਾ ਸੰਸਾਰ ਨੂੰ ਚਲਾ ਰਿਹਾ ਹੈ ਜਿਸ ਦਾ ਮਨੁੱਖਤਾ ਨਾਲ ਨੈਤਿਕ ਰਿਸ਼ਤਾ ਹੈ।
- Herbert Spencer ਅਨੁਸਾਰ, "ਧਰਮ ਇਹ ਮਾਨਤਾ ਹੈ ਕਿ ਸਭ ਵਸਤਾਂ ਇਕ ਸ਼ਕਤੀ ਦਾ ਪ੍ਰਕਾਸ਼ ਹਨ ਜੋ ਸਾਡੀ ਸਮਝ ਤੋਂ ਪਰ੍ਹੇ ਹੈ।
- J.G. Frazer ਆਪਣੀ ਕਿਤਾਬ 'The Golden Bough' , "ਵਿਚ ਧਰਮ ਨੂੰ ਮਨੁੱਖ ਤੋਂ ਬਲਸ਼ਾਲੀ ਸ਼ਕਤੀਆਂ ਦੀ ਮੰਨਤ ਜਾਂ ਮਨੌਤ ਮੰਨਦਾ ਹੈ ਜੋ ਕੁਦਰਤੀ ਚਾਲ ਅਤੇ ਮਨੁੱਖੀ ਜੀਵਨ ਨੂੰ ਨਿਰਦੇਸ਼ਿਤ ਅਤੇ ਸੰਚਾਲਿਤ ਕਰਦੀਆਂ ਮੰਨੀਆਂ ਜਾਂਦੀਆਂ ਹਨ।"
- F.H. Bradley, "ਧਰਮ ਅਸਲ ਵਿਚ ਸਾਡੀ ਹਸਤੀ ਦੇ ਹਰੇਕ ਪੱਖ ਰਾਹੀਂ ਚੰਗਿਆਈ ਦੀ ਪੂਰਣ ਅਸਲੀਅਤੋ ਨੂੰ ਪ੍ਰਗਟ ਕਰਨ ਦਾ ਯਤਨ ਹੈ।"
- Mathew Arnold ਅਨੁਸਾਰ "ਧਰਮ ਭਾਵਨਾਵਾਂ ਦੁਆਰਾ ਉਤੇਜਿਤ, ਪ੍ਰਚੰਡਿਤ ਅਤੇ ਜਗਾਇਆ ਸਦਾਚਾਰ ਹੈ।"
- J.M.E. McTaggart ਅਨੁਸਾਰ, "ਧਰਮ ਨੂੰ ਇਕ ਅਜਿਹੀ ਭਾਵਨਾ ਕਰਕੇ ਬਿਆਨ ਕੀਤਾ ਜਾ ਸਕਦਾ ਹੈ ਜੋ ਇਸ ਮਾਨਤਾ ਤੇ ਆਧਾਰਤ ਹੈ ਕਿ ਵਿਆਪਕ ਰੂਪ ਵਿਚ ਸਾਡੇ ਅਤੇ ਵਿਸ਼ਵ ਵਿਚਕਾਰ ਇਕਸੁਰਤਾ ਹੈ।"
- C.P. Tiele ਅਨੁਸਾਰ, "ਧਰਮ ਅਸਲ ਵਿਚ ਉਹ ਪਵਿੱਤਰ ਅਤੇ ਸਤਿਕਾਰ ਪੂਰਣ ਮਨ ਦਾ ਰੁਝਾਣ ਹੈ ਜਿਸ ਨੂੰ ਅਸੀਂ ਭਗਤੀ ਆਖਦੇ ਹਾਂ।"
- Edward Caird ਅਨੁਸਾਰ, "ਇਕ ਮਨੁੱਖ ਦਾ ਧਰਮ ਉਸ ਦੇ ਵਿਸ਼ਵ ਪ੍ਰਤੀ ਪਰਮਉਚ ਰਵਈਏ ਦਾ ਪ੍ਰਗਟਾਵਾ ਹੁੰਦਾ ਹੈ, ਭਾਵ ਵਸਤਾਂ ਦੀ ਸੰਪੂਰਨ ਚੇਤਨਾ ਦਾ ਤਾਤਪਰਜ ਜਾਂ ਸਾਰਅਰਥ।"

ਜੇਕਰ ਉਪਰੋਕਤ ਧਰਮ ਦੀਆਂ ਪਰਿਭਾਸ਼ਾਵਾਂ ਨੂੰ ਰਤਾ ਗਹੁ ਨਾਲ ਵਿਚਾਰਿਆ ਜਾਵੇ ਤਾਂ ਸਪਸ਼ਟ ਹੋ ਜਾਂਦਾ ਹੈ ਕਿ ਇਹਨਾਂ ਵਿਚੋਂ ਕੋਈ ਵੀ ਪਰਿਭਾਸ਼ਾ ਧਰਮ ਦੀ ਸੰਪੂਰਣ ਵਿਆਖਿਆ ਬਿਆਨ ਕਰਨ ਦੇ ਸਮਰਥ ਨਹੀਂ ਹੈ। Martineau ਦੀ ਪਰਿਭਾਸ਼ਾ ਇਕ ਰੱਬ ਦੇ ਵਿਸ਼ਵਾਸ਼ ਤੇ ਜ਼ੋਰ ਦਿੰਦੀ ਹੈ ਜਦੋਂ ਕਿ ਅਸੀਂ ਜਾਣਦੇ ਹਾਂ ਇਹ ਵਿਸ਼ਵਾਸ਼ ਸਮੁੱਚੇ ਧਰਮਾਂ ਦੀ ਵਿਆਖਿਆ ਲਈ ਕਾਫ਼ੀ ਨਹੀਂ। ਬਹੁਦੇਵ-ਵਾਦ ਇਕ ਈਸ਼ਵਰ ਵਿਚ ਵਿਸ਼ਵਾਸ਼ ਨਹੀਂ ਕਰਦਾ ਅਤੇ ਥੇਰਵਾਦ ਬੁਧ ਧਰਮ ਤਾਂ ਈਸ਼ਵਰ ਦੀ ਹੋਂਦ ਨੂੰ ਵੀ ਜ਼ਰੂਰੀ ਨਹੀਂ ਮੰਨਦਾ। Bradley ਅਤੇ Arnold 'ਸਦਾਚਾਰ' ਨੂੰ ਧਰਮ ਦਾ ਕੇਂਦਰੀ ਤੱਤ ਪ੍ਰਵਾਨ ਕਰਦੇ ਹਨ ਪਰੰਤੂ ਬਹੁਤ ਸਾਰੇ ਅਜਿਹੇ ਪੁਰਾਤਨ ਧਰਮ ਰਹੇ ਹਨ ਜਿਨ੍ਹਾਂ ਵਿਚ ਮੁੱਖ ਮਹੱਤਵ ਕਰਮਕਾਂਡ ਉਤੇ ਸੀ ਅਤੇ ਕਰਮਕਾਂਡ ਦਾ ਸਦਾਚਾਰ ਨਾਲ ਸਿੱਧਾ ਸੰਬੰਧ ਨਹੀਂ ਸੀ ਜੋੜਿਆ ਜਾਂਦਾ। Mc Taggart, ਅਤੇ Tiele ਮੁੱਖ ਰੂਪ ਵਿਚ ਭਾਵਨਾ ਨੂੰ ਧਰਮ ਦਾ ਕੇਂਦਰ ਮੰਨਦੇ ਹਨ ਜਦੋਂ ਕਿ ਬਹੁਤ ਸਾਰੇ ਧਰਮਾਂ ਵਿਚ ਵਿਸ਼ਵਾਸ਼, ਸਦਾਚਾਰ ਜਾਂ ਕਰਮਕਾਂਡਅ ਤੇ ਭਾਵਨਾਵਾਂ ਤੇ ਕਿਤੇ ਵਧ ਮਹੱਤਵ ਦਿੱਤਾ ਮਿਲਦਾ ਹੈ। ਇਸ ਤਰ੍ਹਾਂ ਦੀ Martineau ਦੀ ਪਰਿਭਾਸ਼ਾ ਵਿਚ ਕੇਵਲ ਵਿਸ਼ਵਾਸ਼ ਤੇ ਹੈ ਜਿਹੜਾ ਕਿ ਭਾਵਨਾ ਅਤੇ ਅਮਲ ਬਿਨਾ ਨਿਰੀਪੁਰੀ ਬੋਧਿਕ ਮਾਨਤਾ ਵੀ ਹੋ ਸਕਦਾ ਹੈ। Caird ਪਰਮ ਉੱਚ ਰਵਈਏ ਨੂੰ ਧਰਮ ਦਾ ਬੁਨਿਆਦੀ ਲੱਛਣ ਬਿਆਨ ਕਰਦਾ ਹੈ ਪਰੰਤੂ ਉਸ ਦੀ ਪਰਿਭਾਸ਼ਾ ਵਿਚ ਧਰਮ ਲਈ ਲੋੜੀਂਦੀਆਂ ਹਾਲਤਾਂ ਨਿਸ਼ਚਿਤ ਰੂਪ ਵਿਚ ਬਿਆਨ ਨਹੀਂ ਕੀਤੀਆਂ ਗਈਆਂ।Frazer ਬਲਸ਼ਾਲੀ ਸ਼ਕਤੀਆਂ ਦੀ ਪੂਜਾ ਨੂੰ ਹੀ ਧਰਮ ਪ੍ਰਵਾਨ ਕਰ ਰਿਹਾ ਹੈ।

ਇਸ ਤਰ੍ਹਾਂ ਇਹ ਸਭ ਪਰਿਭਾਸ਼ਾਵਾਂ ਅਧੂਰੀਆਂ ਅਤੇ ਇਕ ਪਾਸੜ ਹਨ। ਇਨ੍ਹਾਂ ਦੀ ਸਫ਼ਲਤਾ ਇਸ ਗੱਲ ਵਿਚ ਹੈ ਕਿ ਇਹ ਧਰਮ ਦੇ ਕਿਸੇ ਇਕ ਪੱਖ ਨੂੰ ਪ੍ਰਸਤੁਤ ਕਰਦੀਆਂ ਹਨ ਪਰ ਆਪਣੇ ਆਪ ਵਿਚ ਕੋਈ ਵੀ ਪਰਿਭਾਸ਼ਾ ਧਰਮ ਦੇ ਸਰੂਪ ਦੀ ਸੰਪੂਰਨ ਵਿਆਖਿਆ ਪ੍ਰਵਾਨ ਨਹੀਂ ਕਰਦੀ। Tailor, Martineau ਅਤੇ Spencer ਧਰਮ ਨੂੰ ਇਕ ਵਿਸ਼ਵਾਸ਼ ਪ੍ਰਵਾਨ ਕਰਦੇ ਹਨ, Frazer ਪੂਜਾਚਾਰ ਮੰਨਦਾ ਹੈ Bradley ਅਤੇ Arnold ਸਦਾਚਾਰ ਨੂੰ ਧਰਮ ਦਾ ਕੇਂਦਰੀ ਤੱਤ ਪ੍ਰਵਾਨ ਕਰਦੇ ਹਨ, Mc Taggart ਤੋਂ Tiele ਵਿਸ਼ੇਸ਼ ਕਿਸਮ ਦੀ ਭਾਵਨਾ ਨੂੰ ਧਰਮ ਦਾ ਆਧਾਰ ਪ੍ਰਵਾਨ ਕਰਦੇ ਹਨ ਪ੍ਰੰਤੂ ਕੋਈ ਵੀ ਪਰਿਭਾਸ਼ਾ ਇਹ ਸਾਰੇ ਵਿਆਪਕ ਤੱਤਾਂ ਅਤੇ ਧਰਮ ਲਈ ਲੋੜੀਂਦੀਆਂ ਹਾਲਤਾਂ ਨੂੰ ਆਧਾਰ ਬਣਾ ਕੇ ਧਰਮ ਦੀ ਪਰਿਭਾਸ਼ਾ ਨਹੀਂ ਕਰਦੀ। Caird ਦੀ ਰਵਈਏ ਨੂੰ ਆਧਾਰ ਬਣਾ ਕੇ ਕੀਤੀ ਪਰਿਭਾਸ਼ਾ ਵਿਸ਼ਵਾਸ਼, ਭਾਵਨਾ ਅਤੇ ਨੈਤਿਕ ਰਵਈਏ ਨੂੰ ਆਪਣੇ ਕਲਾਵੇ ਵਿਚ ਜ਼ਰੂਰ ਲੈਂਦੀ ਹੈ, ਪ੍ਰੰਤੂ ਇਹ ਜ਼ਰੂਰੀ ਅਤੇ ਲੋੜੀਂਦੀਆਂ ਸ਼ਰਤਾਂ ਅਰਥਾਤ ਧਾਰਮਿਕ ਸੰਦਰਭ ਨਿਸ਼ਚਿਤ ਕਰਨ ਵਿਚ ਸਪਸ਼ਟ ਨਹੀਂ। ਧਰਮ ਦੇ ਇਹਨਾਂ ਬਾਹਰੀ ਰੂਪਾਂ ਨੂੰ ਪਰਿਭਾਸ਼ਾ ਦਾ ਆਧਾਰ ਨਾ ਬਣਾ ਕੇ ਧਰਮ ਦੇ ਅੰਤਰੀਵੀ ਕੇਂਦਰੀ ਤੱਤ ਦੇ ਆਧਾਰ ਤੇ ਵੀ ਧਰਮ ਦੀ ਪਰਿਭਾਸ਼ਾ ਕਰਨ ਦੇ ਯਤਨ ਹੋਏ ਹਨ। ਜਿਵੇਂ ਕਿ Friedrich Schleiermacher ਧਰਮ ਨੂੰ ਤੱਤ ਰੂਪ ਵਿਚ "ਪੂਰਣ ਨਿਰਭਰਤਾ ਦੀ ਭਾਵਨਾ" ਪ੍ਰਵਾਨ ਕਰਦਾ ਹੈ।ਪਰੰਤੂ ਅਜਿਹੇ ਯਤਨ ਵੀ ਦੂਜੀਆਂ ਪਰਿਭਾਸ਼ਾਵਾਂ ਵਿਚ ਪੇਸ਼ ਕੀਤੇ ਤੱਤਾਂ ਦੇ ਦ੍ਰਿਸ਼ਟੀਕੋਣ ਤੋਂ ਅਧੂਰੇ ਸਾਬਤ ਹੁੰਦੇ ਹਨ। ਭਾਵੇਂ ਇਹ ਸਭ ਪਰਿਭਾਸ਼ਾਵਾਂ ਧਰਮ ਦੀ ਸੰਪੂਰਣ ਪਰਿਭਾਸ਼ਾ ਕਰਨ ਵਿਚ ਅਸਮਰਥ ਕਹੀਆਂ ਜਾ ਸਕਦੀਆਂ ਹਨ ਫਿਰ ਵੀ ਇਨ੍ਹਾਂ ਪਰਿਭਾਸ਼ਾਵਾਂ ਦੇ ਆਧਾਰ ਤੇ ਧਰਮ ਦੇ ਵਿਸ਼ੇਸ਼ ਲੱਛਣਾਂ ਦੀ ਸੂਚੀ ਬਣਾਈ ਜਾ ਸਕਦੀ ਹੈ।ਧਰਮ ਦੇ ਵਿਸ਼ੇਸ਼ ਲੱਛਣ ਇਸ ਪ੍ਰਕਾਰ ਹਨ :-

1. ਪ੍ਰਾਭੌਤਿਕ ਹਸਤੀਆਂ (ਦੇਵਾਂ) ਵਿਚ ਵਿਸ਼ਵਾਸ਼।
2. ਪਵਿੱਤਰ ਅਤੇ ਅਪਵਿੱਤਰ ਵਸਤਾਂ ਦਾ ਨਿਖੇੜਾ।
3. ਪਵਿੱਤਰ ਵਸਤਾਂ ਤੇ ਕੇਂਦਰਤ ਕਰਮ ਕਾਂਡ।

4. ਦੇਵਤਿਆਂ ਦੁਆਰਾ ਪ੍ਰਵਾਣਿਤ ਨੈਤਿਕ ਵਿਧਾਨ।
5. ਵਿਸ਼ੇਸ਼ ਧਾਰਮਿਕ ਭਾਵਨਾਵਾਂ (ਭੈਅ, ਰਹਸ ਦੀ ਚੇਤਨਾ, ਪਾਪ ਚੇਤਨਾ, ਭਗਤੀ) ਜਿਹੜੀਆਂ ਪਵਿੱਤਰ ਵਸਤਾਂ ਦੀ ਹਜ਼ੂਰੀ ਵਿਚ ਅਤੇ ਕਰਮਕਾਂਡੀ ਅਮਲ ਸਮੇਂ ਜਾਗਦੀਆਂ ਹਨ ਅਤੇ ਜੋ ਵਿਚਾਰਾਂ ਕਰਕੇ ਦੇਵਤਿਆਂ ਨਾਲ ਸੰਬੰਧਿਤ ਹੁੰਦੀਆਂ ਹਨ।
6. ਅਰਦਾਸ ਜਾਂ ਦੇਵਤਿਆਂ ਨਾਲ ਸੰਚਾਰ ਦੇ ਦੂਜੇ ਰੂਪ।
7. ਇਕ ਵਿਸ਼ਵ ਦ੍ਰਿਸ਼ਟੀਕੋਣ ਜਾਂ ਸਮੁੱਚੇ ਜਗਤ ਦਾ ਚਿੱਤਰਣ ਅਤੇ ਉਸ ਵਿਚ ਵਿਅਕਤੀ ਦਾ ਸਥਾਨ। ਇਸ ਚਿੱਤਰਣ ਵਿਚ ਜਗਤ ਦੇ ਸਮੁੱਚੇ ਮਨੋਰਥਾਂ ਦਾ ਕੁਝ ਵਿਸਥਾਰ ਪੂਰਵਕ ਵਰਨਣ ਅਤੇ ਵਿਅਕਤੀ ਦੇ ਇਸ ਵਿਚ ਸਥਾਨ ਦੇ ਸੰਕੇਤ ਹੁੰਦੇ ਹਨ।
8. ਵਿਸ਼ਵ ਦ੍ਰਿਸ਼ਟੀਕੋਣ ਤੇ ਆਧਾਰਤ ਜੀਵਨ ਦੀ ਲਗਭਗ ਸਮੁੱਚੀ ਵਿਵਸਥਾ।
9. ਉਪਰੋਕਤ ਦੁਆਰਾ ਇਕੱਤਰਤ ਸਮਾਜਿਕ ਸਮੂਹ।

Winston L. King ਨੇ ਵੀ Encyclopaedia of Religion (Vol. 12) ਲਈ ਆਪਣੇ ਲੇਖ 'Religion' ਵਿਚ ਧਰਮ ਦੀ ਵਿਸ਼ੇਸ਼ ਬਣਤਰ ਦੇ ਹੇਠ ਲਿਖੇ ਜਰੂਰੀ ਤੱਤਾਂ ਨੂੰ ਨਿਖੇੜਿਆ ਹੈ :

ਰੂੜੀਵਾਦਤਾ, ਮਿੱਥ ਅਤੇ ਪ੍ਰਤੀਕ, ਮੁਕਤੀ ਦੇ ਸੰਕਲਪ, ਪਵਿੱਤਰ ਥਾਵਾਂ ਅਤੇ ਵਸਤਾਂ, ਪਵਿੱਤਰ ਅਮਲ (ਕਰਮਕਾਂਡ) ਪਵਿੱਤਰ ਲਿਖਤਾਂ, ਪਵਿੱਤਰ ਸੰਗਤ, ਪਵਿੱਤਰ ਅਨੁਭਵ।

ਧਰਮ ਦੇ ਬੁਨਿਆਦੀ ਤੱਤਾਂ ਦੀਆਂ ਉਪਰੋਕਤ ਦੋ ਸੂਚੀਆਂ ਵਿਚ ਬਹੁਤ ਸਾਰੇ ਤੱਤ ਸਮਾਨ ਹਨ ਜਿਵੇਂ ਕਿ ਪਵਿੱਤਰ ਅਮਲ (ਕਰਮਕਾਂਡ) ਪਵਿੱਤਰ ਅਨੁਭਵ ਅਤੇ ਪਵਿੱਤਰ-ਅਪਵਿੱਤਰ ਦਾ ਨਿਖੇੜਾ। ਬਾਕੀ ਤੱਤਾਂ ਨੂੰ ਵੀ ਇਕ ਦੂਜੇ ਤੋਂ ਪੂਰਨ ਰੂਪ ਵਿਚ ਨਿਖੇੜਿਆ ਨਹੀਂ ਜਾ ਸਕਦਾ। ਇਹ ਸਪੱਸ਼ਟ ਹੈ ਕਿ ਇਹ ਸਭ ਤੱਤ ਰਲ ਕੇ ਵੀ ਧਰਮ ਦਾ ਨਿਰਮਾਣ ਨਹੀ ਕਰਦੇ ਹਨ, ਬਲਕਿ ਵੱਖਰੀਆਂ ਧਾਰਮਿਕ ਪਰੰਪਰਾਵਾਂ ਵਿਚ ਇਹਨਾਂ ਵਿਚੋਂ ਕਿਸੇ ਵਿਚ ਵੱਧ ਕਿਸੇ ਵਿਚ ਘੱਟ ਤੱਤ ਮਿਲ ਜਾਂਦੇ ਹਨ। ਇਹ ਤੱਤ ਧਰਮ ਦੀ ਬਾਕੀ ਸਮਾਨ ਭਾਂਤ ਦੀਆਂ ਸੰਸਥਾਵਾਂ ਨਾਲੋਂ ਵੱਖਰੀ ਪਛਾਣ ਨਿਰਧਾਰਤ ਕਰਨ ਵਿਚ ਸਾਡੀ ਮਦਦ ਕਰਦੇ ਹਨ। ਉਦਾਹਰਣ ਲਈ Eva Da Malefijit ਧਰਮ ਵਿਚ ਇਸ ਨੂੰ ਸਭਿਆਚਾਰ ਨਾਲੋਂ ਨਖੇੜਨ ਵਾਲੇ ਦੋ ਬੁਨਿਆਦੀ ਤੱਤ ਪ੍ਰਵਾਨ ਕਰਦੀ ਹੈ ਪਹਿਲਾਂ ਹੈ ਧਰਮ ਵਿਚ ਪ੍ਰਾਭੌਤਿਕ ਸ਼ਕਤੀਆਂ ਵਿਚ ਵਿਸ਼ਵਾਸ ਅਤੇ ਦੂਜਾ ਹੈ ਧਰਮ ਦਾ ਪਵਿੱਤਰ ਨਾਲ ਸੰਬੰਧ। ਧਰਮ ਦੀ ਸਭਿਆਚਾਰ ਨਾਲੋਂ ਵੱਖਰੀ ਪਛਾਣ ਨਿਰਧਾਰਤ ਕਰਨ ਵਾਲੇ ਇਹ ਦੋਵੇਂ ਤੱਤ ਉਪਰੋਕਤ ਸੂਚੀ ਵਿਚ ਪ੍ਰਮੁੱਖ ਰੂਪ ਵਿਚ ਦੇਖੇ ਜਾ ਸਕਦੇ ਹਨ। Alston ਵੀ ਆਪਣੀ ਸੂਚੀ ਬਾਰੇ ਕਹਿੰਦਾ ਹੈ ਕਿ ਕਿਸੇ ਸੰਸਥਾ ਪ੍ਰਬੰਧ ਨੂੰ ਤਾਂ ਹੀ ਧਰਮ ਕਿਹਾ ਜਾ ਸਕਦਾ ਹੈ ਜੇਕਰ ਉਸ ਵਿਚ ਪਰਾਲੋਕਿਕ ਹਸਤੀਆਂ ਵਿਚ ਵਿਸ਼ਵਾਸ਼ ਅਤੇ ਪਵਿੱਤਰ-ਅਪਵਿੱਤਰ ਦੇ ਨਖੇੜੇ ਦੇ ਨਾਲ । ਸਮਾਜਵਾਦ ਧਰਮ ਹੈ ਕਿ ਨਹੀਂ ਜਾਂ ਕੀ ਸਾਇੰਸ ਪ੍ਰਤੀ ਭਗਤੀ ਨੂੰ ਧਰਮ ਕਿਹਾ ਜਾ ਸਕਦਾ ਹੈ? ਇਸ ਦਾ ਨਖੇੜਾ ਉਪਰੋਕਤ ਨਿਸ਼ਚਿਤ ਮਾਪਦੰਡ ਤੋਂ ਕਾਫ਼ੀ ਹੱਦ ਤੱਕ ਹੋ ਜਾਂਦਾ ਹੈ। ਇਸੇ ਤਰ੍ਹਾਂ ਕੀ ਸਰੀਰਕ ਮਿਲਣ ਦੀ ਸੰਤੁਸ਼ਟੀ ਜਾਂ ਸੌਂਦਰਯ ਅਨੁਭਵ ਜਾਂ ਨਸ਼ਿਆਂ ਨਾਲ ਪ੍ਰਾਪਤ ਕੀਤੀ ਤਰੰਗਮਈ ਅਨੁਭਵ ਨੂੰ ਧਾਰਮਿਕ ਅਨੁਭਵ ਦੀਆਂ ਵੰਨਗੀਆਂ ਮੰਨਿਆ ਜਾਵੇ ਕਿ ਨਹੀਂ? ਇਸ ਦਾ ਨਖੇੜਾ ਵੀ ਉਪਰ ਬਿਆਨ ਕੀਤੇ ਮੁੱਖ ਤੱਤਾਂ ਅਤੇ ਧਰਮ ਲਈ ਜ਼ਰੂਰੀ ਅਤੇ ਲੋੜੀਦੀਆਂ ਹਾਲਤਾਂ ਦੇ ਪ੍ਰਸੰਗ ਵਿਚ ਕੀਤਾ ਜਾ ਸਕਦਾ ਹੈ। ਕੀ ਧਾਰਮਿਕ ਅਨੁਭਵ ਜਾਂ ਸਰੀਰਕ ਮਿਲਣ ਦੇ ਅਨੁਭਵ ਸੰਬੰਧੀ ਜਾਂ ਫਿਰ ਕਿਸੇ ਕੁਦਰਤੀ ਅਦਭੁੱਤ ਨਜ਼ਾਰੇ ਕਲਾ ਕਿਰਤੀ ਦੇ ਸੌਂਦਰਯ ਅਨੁਭਵ ਸੰਬੰਧੀ ਇਹ ਗੱਲ ਕਹੀ ਜਾ ਸਕਦੀ ਹੈ? ਵਕਤੀ ਤੌਰ ਤੇ ਕਿਸੇ ਵਿਸਮਾਦ ਭਾਵਨਾ ਅਧੀਨ ਆਪਣੇ ਤੋਂ ਉਚਾ ਉਠ ਜਾਣਾ ਅਤੇ ਸਦਾ ਲਈ ਆਪੇ ਤੋਂ ਮੁਕਤ ਹੋ ਜਾਣਾ ਨਿਰਸੰਦੇਹ ਵੱਖਰੀ ਪ੍ਰਕ੍ਰਿਤੀ ਵਾਲੀਆਂ ਵੱਖਰੀਆਂ ਭਾਵਨਾਵਾਂ ਹਨ।

ਧਰਮ ਦੀਆਂ ਪਰਿਭਾਸ਼ਾਵਾਂ ਵਿਚ ਬਿਆਨ ਕੀਤੇ ਉਪਰੋਕਤ ਤੱਤਾਂ ਨੂੰ ਕਿਸੇ ਇਕ ਪਰਿਭਾਸ਼ਾ ਵਿਚ ਬਿਆਨ ਕਰਨਾ ਨਾ ਸੰਭਵ ਹੈ ਅਤੇ ਨਾ ਹੀ ਉਚਿਤ। ਫਿਰ ਵੀ ਅਸੀਂ G. Van Der Leeuw ਦੀ ਪੁਸਤਕ Religion in Essence and Manifestation (Vol. 2) ਵਿਚ ਧਰਮ ਦੀ ਪ੍ਰਕ੍ਰਿਤੀ ਸੰਬੰਧੀ ਪ੍ਰਸਤੁਤ ਵਿਸ਼ਲੇਸ਼ਣ ਵਰਣਨ ਵਿਚੋਂ ਕੁਝ ਅੰਸ਼ ਇਸੇ ਉਪਰੋਕਤ ਵਿਚਾਰ ਦੇ ਸਾਰ ਰੂਪ ਵਿਚ ਪੇਸ਼ ਕਰ ਸਕਦੇ ਹਾਂ। Van Der Leeuw ਅਨੁਸਾਰ "ਧਰਮ ਜੀਵਨ ਦਾ ਇਸ ਦੀ ਅੰਤਿਮ ਸੀਮਾ ਤੱਕ ਵਿਕਾਸ ਹੈ।" Van Der Leeuw ਅੱਗੇ ਲਿਖਦੇ ਹਨ ਕਿ ਵਸਤਾਂ ਦਾ ਧਾਰਮਿਕ ਮਹੱਤਵ ਉਹ ਹੈ ਜਿਸ ਤੋਂ ਅੱਗੇ ਹੋਰ ਕੋਈ ਵੀ ਵਿਆਪਕ ਅਤੇ ਗਹਿਰੇ ਅਰਥ ਜੋੜੇ ਨਾ ਜਾ ਸਕਣ। ਇਹ ਸਮੁੱਚਤਾ ਦਾ ਅਰਥ ਹੁੰਦਾ ਹੈ। ਇਹ ਅੰਤਿਮ ਸ਼ਬਦ ਹੁੰਦੇ ਹਨ।

ਧਰਮ ਦੇ ਖੇਤਰ ਵਿਚ ਜੀਵਨ ਨੂੰ ਉਤਮ ਅਤੇ ਸੰਪੂਰਨ ਬਣਾਉਣ ਲਈ ਮਨੁੱਖੀ ਯਤਨਾਂ ਅਤੇ ਰੱਬੀ ਇਲਹਾਮ ਦੋਵਾਂ ਦਾ ਯੋਗਦਾਨ ਹੁੰਦਾ ਹੈ। ਇਹ ਦੋਵੇਂ ਬਿੰਦੂ ਮੁਕਤੀ ਦੇ ਵਿਚਾਰ ਤੇ ਇਕ ਦੂਜੇ ਨਾਲ ਰਲ ਜਾਂਦੇ ਹਨ। ਮੁਕਤੀ ਦੇ ਵਿਚਾਰ ਦੇ ਪਰਸੰਗ ਵਿਚ Van Der Leeuw ਧਰਮ ਦੇ ਸਮੁੱਚੇ ਅਰਥਾਂ ਨੂੰ ਸਾਰਰੂਪ ਵਿਚ ਸਮੇਟਣ ਦਾ ਬਹੁਤ ਸੁੰਦਰ ਉੱਦਮ ਕਰਦਾ ਹੈ।

"ਮਨੁੱਖੀ ਸ਼ਕਤੀਮਾਨਤਾ ਦੀ ਸੀਮਾ ਅਤੇ ਦੈਵੀ ਸੱਤਾ ਦਾ ਆਰੰਭ ਦੋਵੇਂ ਰਲ ਕੇ ਕਰਦੇ ਹਨ ਜਿਹੜੀ ਸਾਰੇ ਸਮਿਆਂ ਦੇ ਧਰਮਾਂ ਨੇ ਚਾਹੀ ਅਤੇ ਪ੍ਰਾਪਤ ਕੀਤੀ ਹੈ। ਮੁਕਤੀ, ਇਹ ਜੀਵਨ ਦਾ ਵਧਾਣਾ, ਸੁਧਾਰਨਾ, ਖੂਬਸੂਰਤ ਕਰਨਾ, ਵਿਸਥਾਰਨਾ, ਗਹਿਰਾ ਕਰਨਾ ਵੀ ਹੋ ਸਕਦਾ ਹੈ ਮੁਕਤੀ ਤੋਂ ਅਰਥ ਬਿਲਕੁਲ ਨਵਾਂ ਜੀਵਨ, ਪਹਿਲੇ ਹੋ ਬੀਤੇ ਦਾ ਅਵਮੁੱਲਣ, ਜੀਵਨ ਦੀ ਇਕ ਨਵੀਂ ਸਿਰਜਨਾ, ਜਿਹੜੀ ਹੋਰ ਕਿਤੋਂ ਵੀ ਪ੍ਰਾਪਤ ਹੋ ਸਕਦੀ ਹੈ। ਹਰੇਕ ਹਾਲਤ ਵਿਚ ਧਰਮ ਦੀ ਦਿਸ਼ਾ ਹਮੇਸ਼ਾਂ ਮੁਕਤੀ ਵਲ ਹੈ। ਜੀਵਨ ਜਿਸ ਤਰ੍ਹਾਂ ਕਿ ਆਪਣੇ ਆਪ ਵਿਚ ਹੈ, ਵਲ ਨਹੀਂ ਇਸ ਤਰ੍ਹਾਂ ਹਰ ਧਰਮ, ਕਿਸੇ ਵੀ ਛੋਟ ਤੋਂ ਬਿਨਾਂ ਮੁਕਤੀ ਦਾ ਧਰਮ ਹੈ।"

**ਪਾਠ ਨੰਬਰ : 1.3**

**ਲੇਖਕ : ਡਾ. ਪਲਵਿੰਦਰ ਸਿੰਘ**
**ਡਾ. ਧਰਮ ਸਿੰਘ**

# ਧਰਮ ਦਾ ਨੈਤਿਕਤਾ, ਵਿਗਿਆਨ, ਦਰਸ਼ਨ ਅਤੇ ਸਮਾਜ ਵਿਗਿਆਨ ਨਾਲ ਸੰਬੰਧ

## ਭੂਮਿਕਾ :

ਇਸ ਪਾਠ ਵਿਚ ਧਰਮ ਦੇ ਬਾਕੀ ਗਿਆਨ ਵਿਗਿਆਨ ਦੇ ਵਿਸ਼ਿਆਂ ਨਾਲ ਨੇੜਲੇ ਸੰਬੰਧਾਂ ਦੀ ਚਰਚਾ ਕੀਤੀ ਜਾਵੇ ਗੀ।

### ਜਾਣ ਪਛਾਣ

ਧਰਮ ਨੂੰ ਸਮਾਜ ਵਿਚ ਮਾਨਤਾ ਪ੍ਰਾਪਤ ਹੈ। ਇਹ ਸਮਾਜ ਦੀ ਇਕ ਮਹੱਤਵਪੂਰਣ ਸੰਸਥਾ ਹੈ। ਇਹ ਮਨੁਖ ਤੋਂ ਲੈ ਕੇ ਜਨਮ ਅਤੇ ਮਰਨ ਤਕ ਜੁੜਿਆ ਹੋਇਆ ਹੈ।ਉਦਾਹਰਣ ਵਜੋਂ ਜਦੋਂ ਜੀਵਨ ਅਜੇ ਮਾਂ ਦੇ ਗਰਭ ਵਿਚ ਹੀ ਹੁੰਦਾ ਹੈ ਤਾਂ ਉਸ ਦੀ ਧਰਮ ਨਾਲ ਸਾਂਝ ਸ਼ੁਰੂ ਹੋ ਜਾਂਦੀ ਹੈ। ਜੰਮਣ ਵਾਲੇ ਨਾਲ ਜੁੜੀਆਂ ਰਸਮਾਂ ਇਸ ਦੀ ਪੁਸ਼ਟੀ ਕਰਦੀਆਂ ਹਨ। ਆਦਮੀ ਦੇ ਸਰੀਰਕ ਨਾਸ਼ ਤੋਂ ਬਾਅਦ ਵੀ, ਉਸ ਨਾਲ ਜੁੜੇ ਧਾਰਮਿਕ ਰੀਤੀ-ਰਿਵਾਜ਼ ਚਲਦੇ ਰਹਿੰਦੇ ਹਨ। ਧਰਮ ਦੀਆਂ ਜੜ੍ਹਾਂ ਆਦਮੀ ਦੇ ਜੀਵਨ ਅਤੇ ਸਾਡੇ ਸਮਾਜ ਵਿਚ ਬਹੁਤ ਡੂੰਘੀਆਂ ਹਨ। ਧਰਮ ਆਦਮੀ ਦੇ ਜੀਵਨ ਦੇ ਹਰ ਖੇਤਰ ਨੂੰ ਪ੍ਰਭਾਵਿਤ ਕਰਦਾ ਹੈ।ਮਨੁੱਖ ਆਪਣੇ ਹਰ ਵਿਹਾਰ ਵਿਚਾਂ ਚੇਤ ਜਾਂ ਅਚੇਤ ਰੂਪ ਵਿਚ ਆਪਣੇ ਧਾਰਮਿਕ ਫਰਜ਼ਾਂ ਦਾ ਵੀ ਪਾਲਣ ਕਰਦਾ ਰਹਿੰਦਾ ਹੈ। ਜੀਵ ਦੇ ਘਰੇਲੂ ਅਤੇ ਸਭਿਆਚਾਰਕ ਜੀਵਨ ਵਿਚ ਧਰਮ ਘਰ ਕਰ ਚੁੱਕਾ ਹੈ। ਉਸ ਦੇ ਘਰ ਦਾ ਵਾਤਾਵਰਨ ਤਾਂ ਧਾਰਮਿਕ ਰੀਤੀ-ਰਿਵਾਜਾਂ ਨਾਲ ਓਤ-ਪੋਤ ਹੁੰਦਾ ਹੈ। ਜਦੋਂ ਜੀਵ ਸੰਸਾਰ ਵਿਚ ਆਉਂਦਾ ਹੈ ਤਾਂ ਉਹ ਧਾਰਮਿਕ ਰੀਤੀ-ਰਿਵਾਜ਼, ਧਾਰਮਿਕ ਨਿਯਮ ਅਤੇ ਅਕੀਦੇ ਆਪਣੇ ਪਰਿਵਾਰ ਵਿਚ ਰਹਿੰਦੇ ਹੋਏ ਸਿੱਖ ਲੈਂਦਾ ਹੈ । ਇਹ ਸਭ ਉਸ ਦੀ ਜ਼ਿੰਦਗੀ ਦਾ ਹਿੱਸਾ ਬਣ ਜਾਂਦੇ ਹਨ। ਵਿਅਕਤੀ ਸਮਾਜ ਵਿਚ ਰਹਿੰਦੇ ਹੋਏ ਆਪਣਾ ਧਾਰਮਿਕ ਕਾਰ-ਵਿਹਾਰ, ਪੂਜਾ, ਪਾਠ, ਧਾਰਮਿਕ ਰਸਮਾਂ ਆਦਿ ਕਰਦਾ ਹੋਇਆ ਜੋ ਤਜ਼ਰਬਾ ਅਤੇ ਅਨੁਭਵ ਹਾਸਿਲ ਕਰਦਾ ਹੈ, ਉਹ ਉਸ ਨੂੰ ਸੇਧ ਵੀ ਦੇਂਦਾ ਹੈ ਅਤੇ ਸਫ਼ਲ ਸਮਾਜਿਕ ਜੀਵ ਬਣਨ ਵਿਚ ਸਹਾਇਤਾ ਵੀ ਕਰਦਾ ਹੈ। ਧਰਮ, ਇਕ ਵੱਡੇ ਘੇਰੇ ਦਾ ਨਾਮ ਹੈ; ਵੱਡਾ ਇਸ ਕਰਕੇ ਕਿ ਧਰਮ ਮਨੌਤ ਤੋਂ ਸ਼ੁਰੂ ਹੁੰਦਾ ਹੈ ਪਰੰਤੂ ਅਜਿਹੇ ਮਾਰਗ ਤਕ ਪਹੁੰਚ ਜਾਂਦਾ ਹੈ ਜਿਸ ਤੇ ਮਨੁੱਖ ਜਾਂ ਦੁਨੀਆ ਨੂੰ ਚਲਣਾ ਹੀ ਪੈਂਦਾ ਹੈ। ਇਸ ਲਈ ਮਨੁੱਖੀ ਵਿਵਹਾਰ ਨਾਲ ਜੁੜੇ ਹੋਏ ਸਾਰੇ ਸਰੋਕਾਰ ਧਰਮ ਦੇ ਘੇਰੇ ਵਿੱਚ ਆ ਜਾਂਦੇ ਹਨ। ਮਨੁੱਖੀ ਨੈਤਿਕਤਾ ਜਦੋਂ ਮਨੁੱਖੀ ਜੀਵਾਂ ਦਾ ਸਹਿਜ ਭਾਗ ਬਣ ਜਾਂਦੀਆਂ ਹਨ ਤਾਂ ਧਰਮ ਸ਼ਾਸਤ੍ਰ ਸਾਹਮਣੇ ਆਉਂਦਾ ਹੈ। ਇਹ ਧਰਮ ਸ਼ਾਸਤ੍ਰ ਜਦੋਂ ਚਿੰਤਨ ਧਾਰਾ ਬਣਦਾ ਹੈ ਤਾਂ ਧਰਮ ਦਰਸ਼ਨ ਸਾਹਮਣੇ ਆਉਂਦਾ ਹੈ। ਧਰਮ ਅਜਿਹਾ ਕੇਂਦਰ ਬਿੰਦੂ ਹੈ ਜਿਸ ਦੇ ਦੁਆਲੇ ਨੈਤਿਕਤਾ, ਧਰਮ ਸ਼ਾਸਤ੍ਰ ਅਤੇ ਧਰਮ ਦਰਸ਼ਨ ਗੋਲਾਕਾਰ ਰੂਪ ਵਿਚ ਕਾਇਮ ਹਨ।

## (ੳ) ਧਰਮ ਅਤੇ ਨੈਤਿਕਤਾ (Religion and Morality)

ਵੇਖਣ ਨੂੰ ਧਰਮ ਅਤੇ ਨੈਤਿਕਤਾ ਇਕੋ ਜਿਹੇ ਲਗਦੇ ਹਨ, ਕਿਉਂਕਿ ਧਰਮ ਵਿਚ ਵੀ ਸਾਫ ਸੁਥਰਾ ਤੇ ਨੇਕੀ ਵਾਲਾ ਜੀਵਨ ਬਿਤਾਉਣ ਉੱਤੇ ਜ਼ੋਰ ਦਿੱਤਾ ਜਾਂਦਾ ਹੈ ਅਤੇ ਨੈਤਿਕਤਾ ਵਿਚ ਵੀ ਨੇਕ ਕੰਮਾਂ ਤੇ ਹੀ ਜ਼ੋਰ ਦਿੱਤਾ ਜਾਂਦਾ ਹੈ।ਕੋਈ ਵੀ ਧਰਮ ਨੈਤਿਕਤਾ ਦੇ ਖਿਲਾਫ਼ ਜਾਣ ਦੀ ਆਗਿਆ ਨਹੀਂ ਦਿੰਦਾ ।

ਦੁਨੀਆਂ ਦੇ ਸਾਰੇ ਧਰਮ ਨੈਤਿਕਤਾ ਵਾਲਾ ਜੀਵਨ ਜੀਉਣ ਲਈ ਹੀ ਪ੍ਰੇਰਿਤ ਕਰਦੇ ਹਨ। ਸੱਚ, ਬੋਲਣਾ, ਚੋਰੀ ਨਾ ਕਰਨਾ, ਕਿਸੇ ਦਾ ਹੱਕ ਨਾ ਮਾਰਨਾ ਆਦਿ ਨੈਤਿਕ ਅਸੂਲ ਹਨ ਜੋ ਹਰ ਧਰਮ ਨੇ ਅਪਣਾਏ ਹੋਏ ਹਨ। ਧਰਮ ਤੇ ਨਿਰਭਰ ਰਾਜਾਂ ਵਿਚ ਤਾਂ ਰਾਜ ਸਰਕਾਰ, ਵਿਅਕਤੀਆਂ ਅਤੇ ਸੰਸਥਾਵਾਂ ਦੇ ਕੰਮ ਵੀ ਧਾਰਮਿਕ ਫੁਰਮਾਨਾਂ ਜਾਂ ਧਾਰਮਿਕ ਕਿਤਾਬਾਂ ਦੁਆਰਾ ਦਰਸਾਈ ਗਈ ਨੈਤਿਕਤਾ ਅਨੁਸਾਰ ਕੀਤੇ ਜਾਂਦੇ ਹਨ।ਧਾਰਮਿਕ ਵਿਅਕਤੀ ਦਾ ਨੈਤਿਕ ਹੋਣਾ ਜ਼ਰੂਰੀ ਹੈ।ਇਸ ਦੇਉਲਟ ਨੈਤਿਕ ਵਿਅਕਤੀ ਦਾ ਧਾਰਮਿਕ ਹੋਣਾ ਜ਼ਰੂਰੀ ਨਹੀਂ। ਨੈਤਿਕਤਾ ਅਤੇ ਧਰਮ ਮਨੁੱਖ ਆਦਮੀ ਨੂੰ ਜ਼ਿੰਮੇਵਾਰ ਬਣਾਉਂਦੇ ਹਨ। ਨੈਤਿਕਤਾ ਮਨੁੱਖ ਨਾਲ ਸੰਬੰਧਤ ਹਰ ਤਰ੍ਹਾਂ ਦੇ ਵਿਕਾਸ ਵਿਚ ਮੁੱਖ ਭੂਮਿਕਾ ਅਦਾ ਕਰਦੀ ਹੈ। ਇਨਸਾਨ ਨੂੰ ਨਿਆਂ ਪਸੰਦ ਤੇ ਨੇਕੀ ਪਸੰਦ ਹੋਣਾ ਵੀ ਧਰਮ ਅਤੇ ਨੈਤਿਕਤਾ ਨੇ ਹੀ ਸਮਝਾਇਆ ਹੈ।ਪਲੈਟੋ ਨੇ ਆਪਣੇ ਮੁੱਢਲੇ 'ਚਾਰ ਸਦਗੁਣਾਂ' ਵਿਚ ਨਿਆਂ ਨੂੰ ਸ਼ਾਮਿਲ ਕੀਤਾ ਹੈ, ਜੋ ਉਸ ਦੇ ਸਮਾਜ ਚਿੰਤਨ ਦਾ ਧੁਰਾ ਹਨ। ਪਲੈਟੋ ਮੁਤਾਬਿਕ ਇਨਸਾਫ਼ ਪਸੰਦ ਵਿਅਕਤੀ ਹੀ ਸਿਆਣਾ, ਦਲੇਰ ਤੇ ਸੰਜਮ ਵਾਲਾ ਹੋਵੇਗਾ। ਦੁਨੀਆਂ ਦੇ ਸਾਰੇ ਧਰਮਾਂ ਦੇ ਪੈਰੋਕਾਰਾਂ ਨੇ ਵੀ ਨਿਆਸ਼ੀਲ ਹੋਣ ਉਪਰ ਹੀ ਜ਼ੋਰ ਦਿੱਤਾ। ਵਿਅਕਤੀ, ਸੰਸਥਾਵਾਂ ਅਤੇ ਸਰਕਾਰਾਂ ਸਭ ਨੂੰ ਇਨਸਾਫ਼ ਪਸੰਦ ਹੋਣਾ ਚਾਹੀਦਾ ਹੈ ਅਤੇ ਅਜਿਹਾ ਹੋਣ ਲਈ ਨੈਤਿਕਤਾ ਮੁੱਖ ਭੂਮਿਕਾ ਨਿਭਾਉਂਦੀ ਹੈ।

ਜ਼ਮੀਰ, ਅੰਤਰਬੋਧ ਜਾਂ ਅੰਤਰ-ਆਤਮਾ ਦੀ ਆਵਾਜ਼ ਨੂੰ ਵੀ ਧਰਮ ਅਤੇ ਨੈਤਿਕਤਾ ਵਿਚ ਬਰਾਬਰ ਦਾ ਸਥਾਨ ਹੈ। ਇਹ ਅੰਦਰ ਦੀ ਆਵਾਜ਼ ਇਕ ਦੈਵੀ ਨਿਆਮਤ ਹੈ, ਜੋ ਇਨਸਾਨ ਨੂੰ ਬੁਰਾਈ, ਪਾਪ, ਬਦੀ ਅਤੇ ਬਦਕਾਰੀ ਦੇ ਖਿਲਾਫ਼ ਪ੍ਰੇਰਿਤ ਕਰਦੀ ਹੈ। ਦਿਆ ਕਰਨੀ, ਮਦਦ ਕਰਨਾ, ਸਭ ਨੂੰ ਪਿਆਰ ਕਰਨਾ, ਸਤਿਕਾਰ ਕਰਨਾ ਆਦਿ ਸਭ ਧਰਮਾਂ ਦੀ ਸਿਖਿਆ ਹੈ ਅਤੇ ਨੈਤਿਕ ਜੀਵਨ ਵਿਚ ਵੀ ਇਨ੍ਹਾਂ ਦੀ ਪੂਰੀ ਮਹੱਤਤਾ ਹੈ।ਧਾਰਮਿਕ ਦ੍ਰਿਸ਼ਟੀ ਤੋਂ ਭਲੇ ਕੰਮ ਕਰਨ ਅਤੇ ਆਚਰਣ ਦਾ ਨੇਕ ਹੋਣਾ ਨੈਤਿਕ ਅਸੂਲ ਮੰਨੇ ਜਾਂਦੇ ਹਨ।

ਧਰਮ ਵਿਚ ਇਹ ਮੰਨਿਆਂ ਜਾਂਦਾ ਹੈ ਕਿ ਕਿਸੇ ਦੈਵੀ-ਆਵੇਸ਼ ਰਾਹੀਂ ਮਨੁੱਖ ਰੱਬੀ ਹੁਕਮ ਨੂੰ ਮੰਨਦਾ ਹੈ ਅਤੇ ਨੈਤਿਕਤਾ ਵੀ ਇਹ ਗੱਲ ਮੰਨਦੀ ਹੈ ਕਿ ਕਿਸੇ ਆਵੇਸ਼ ਰਾਹੀਂ ਹੀ ਬੰਦਾ ਚੰਗੇ ਨੈਤਿਕ ਕੰਮ ਕਰਦਾ ਹੈ। ਸਮਾਜ-ਵਿਗਿਆਨੀ ਵੀ ਧਰਮ ਨੂੰ ਸਮਾਜਿਕ ਕੰਟਰੋਲ ਦੀ ਕੇਂਦਰੀ ਸੰਸਥਾ ਵਿਚੋਂ ਇਹ ਮੁਖ ਸੰਸਥਾਵਜੋਂ ਵਿਚਾਰਦੇ ਹਨ।ਰੱਬ ਦੇ ਡਰ ਕਰਕੇ ਆਦਮੀ ਗਲਤ ਕੰਮ ਤੋਂ ਗੁਰੇਜ਼ ਕਰਦਾ ਹੈ। ਉਹ ਡਰਦਾ ਹੈ ਕਿ ਜੇ ਮੈਂ ਗਲਤ ਕੰਮ ਜਾਂ ਪਾਪ ਕਰਾਂਗਾ ਤਾਂ ਪਰਮਾਤਮਾ ਮੈਨੂੰ ਨਰਕਾਂ ਦੀ ਅੱਗ ਵਿਚ ਸੜਨ ਲਈ ਭੇਜੇਗਾ। ਇਨਸਾਨ ਇਹ ਵੀ ਸੋਚਦਾ ਹੈ ਕਿ ਜੇ ਉਹ ਚੰਗੇ ਕੰਮ ਕਰੇਗਾ ਤਾਂ ਉਹ ਬਹਿਸ਼ਤਾਂ ਦੀ ਠੰਢਕ ਮਾਣੇਗਾ। ਇਥੇ ਇਹ ਗੱਲ ਵਰਣਨਯੋਗ ਹੈ ਕਿ ਪੁਰਾਣੇ ਸਮੇਂ ਵਿਚ ਜਦੋਂ ਧਰਮ ਦਾ ਰੂਪ ਜਾਦੂ-ਟੂਣਿਆਂ ਤਕ ਸੀਮਤ ਹੁੰਦਾ ਸੀ ਤਾਂ ਉਦੋਂ ਧਰਮ ਦੇ ਪੁਰੋਹਿਤ (ਜਾਦੂਗਰ) ਜਾਦੂ-ਟੂਣਿਆਂ ਨੂੰ ਦੂਸਰਿਆਂ ਦਾ ਨੁਕਸਾਨ ਕਰਨ ਲਈ ਵਰਤਦੇ ਸਨ।ਜਿਸ ਨੂੰ ਅਨੈਤਿਕਤਾ ਦਾ ਪ੍ਰਮਾਣ ਮੰਨਿਆ ਗਿਆ ਹੈ।

ਧਰਮ ਮਨੁੱਖ ਨੂੰ ਇਹ ਅਹਿਸਾਸ ਕਰਵਾਉਂਦਾ ਹੈ ਕਿ ਮਨੁੱਖ ਨਾਸ਼ਵਾਨ ਹੈ ਅਤੇ ਇਕ ਦਿਨ ਇਸ ਦੁਨੀਆਂ ਨੂੰ ਛੱਡ ਕੇ ਜਾਣਾ ਹੀ ਹੈ, ਇਹੀ ਅਹਿਸਾਸ ਮਨੁੱਖ ਨੂੰ ਨੇਕੀ ਦਾ ਰਾਹ ਅਖਤਿਆਰ ਕਰਨ ਲਈ ਪ੍ਰੇਰਦਾ ਹੈ। ਇਸ ਹਾਲਤ ਵਿਚ ਮਨੁੱਖ ਇਕ ਅਦਿਖ ਭੈਅ ਵਿਚ ਨੇਕੀ ਪਰਵਾਨ ਕਰ ਲੈਂਦਾ ਹੈ ਕਿ ਨੇਕੀ ਕਰਨ ਨਾਲ ਬੰਦਾ ਸੰਤਾਪ ਅਤੇ ਦੁੱਖਾਂ ਤੋਂ ਬਚਿਆ ਰਹਿ ਸਕਦਾ ਹੈ। ਸੋ ਧਰਮ ਮਨੁੱਖ ਨੂੰ ਸਾਫ਼ ਸੁਥਰਾ ਤੇ ਬੇਲਾਗ ਜੀਵਨ ਬਤੀਤ ਕਰਨ ਲਈ ਪ੍ਰੇਰਿਤ ਕਰਦਾ ਹੈ। ਨੈਤਿਕਤਾ ਵਿਚ ਮਨੁੱਖ ਦੀ ਪਹੁੰਚ ਤੋਂ ਦੂਰ ਲਗਦੀਆਂ ਅੰਤਮ, ਅਨੰਤ, ਪਰਮ ਕੀਮਤਾਂ ਵੀ ਜਦੋਂ ਆਦਰਸ਼ ਦਾ ਰੂਪ ਧਾਰਦੀਆਂ ਹਨ ਤਾਂ ਇਨ੍ਹਾਂ ਨੇ ਕਿਸੇ ਨਾ ਕਿਸੇ ਰੂਪ ਵਿਚ ਧਰਮ ਦਾ ਪ੍ਰਭਾਵ ਕਬੂਲਿਆ ਹੁੰਦਾ ਹੈ। ਪਰ ਮਾਨਵਵਾਦੀ

ਨੈਤਿਕਤਾ ਚੰਗੇ ਕੰਮ ਨੂੰ ਪਰਮਾਤਮਾ ਦੀ ਇੱਛਾ ਤੇ ਆਧਾਰਿਤ ਨਹੀਂ ਮੰਨਦੀ। ਜਰਮਨ ਮਾਨਵਵਾਦੀ ਦਾਰਸ਼ਨਿਕ ਨੇ ਵੀ ਇਮੈਨੂਅਲ ਕਾਂਟ ਨੇ ਵੀ ਮਾਨਵਵਾਦੀ ਨੈਤਿਕ ਨਿਯਮਾਂ ਦੇ ਨਾਲ, ਦੇਵੀ ਤਾਕਤਾਂ ਦੀ ਮਨੌਤ ਜੋੜੀ । ਉਹ ਕਹਿੰਦਾ ਹੈ ਕਿ ਸਦਾਚਾਰੀ ਵਿਅਕਤੀ ਦੀ ਖੁਸ਼ੀ ਦਾ ਹਿੱਸੇਦਾਰ ਜ਼ਰੂਰ ਹੋਣਾ ਚਾਹੀਦਾ ਹੈ ਜੇ ਇਸ ਜਨਮ ਵਿਚ ਉਸ ਨੂੰ ਪ੍ਰਸੰਨਤਾ ਨਹੀਂ ਮਿਲਦੀ ਤਾਂ ਉਸ ਨੂੰ ਆਉਣ ਵਾਲੇ ਜਾਮੇ ਵਿਚ ਮਿਲੇਗੀ ਅਤੇ ਨੇਕੀ ਦਾ ਫ਼ਲ ਦੇਣ ਵਾਲਾ ਈਸ਼ਵਰ ਉਸ ਦੀ ਆਤਮਾ ਨੂੰ ਖੁਸ਼ੀਆਂ ਨਾਲ ਭਰ ਦੇਵੇਗਾ।

ਹਿੰਦੂ ਧਰਮ ਦੀ ਨੈਤਿਕਤਾ ਅਤੇ ਬੁੱਧ ਧਰਮ ਦੀ ਨੈਤਿਕਤਾ ਵਿਚ ਅੰਤਰ ਹੈ। ਭਗਵਤ ਗੀਤਾ ਅਨੁਸਾਰ ਮਨੁੱਖ ਨੂੰ ਨੈਤਿਕ ਫਰਜ਼ ਨਿਭਾਉਣੇ ਚਾਹੀਦੇ ਹਨ ਕਿਉਂਕਿ ਇਹ ਰੱਬ ਦਾ ਹੁਕਮ ਹੈ। ਬੁੱਧ ਧਰਮ ਅਨੁਸਾਰ ਨੈਤਿਕਤਾ ਦਾ ਆਖਰੀ ਲਕਸ਼ ਨਿਰਵਾਣ ਹੈ ਜੋ ਆਦਮੀ ਲਈ ਸਭ ਤੋਂ ਉਚੀ ਤੇ ਸੁੱਚੀ ਮਹੱਤਤਾ ਰੱਖਦਾ ਹੈ। ਬੁੱਧ ਧਰਮ ਤਾਂ ਇਥੋਂ ਤਕ ਕਹਿੰਦਾ ਹੈ ਕਿ ਮਨੁੱਖ ਨੂੰ 'ਆਤਮਾ ਅਮਰ' ਤੇ ਹੋਰ ਸੰਕਲਪਾਂ ਵਿਚ ਆਪਣਾ ਸਮਾਂ ਨਹੀਂ ਖਰਾਬ ਕਰਨਾ ਚਾਹੀਦਾ, ਸਗੋਂ ਉਸਨੂੰ ਨੈਤਿਕ ਕੰਮਾਂ ਵਲ ਵੱਧ ਧਿਆਨ ਦੇਣਾ ਚਾਹੀਦਾ ਹੈ।ਅਜਿਹਾ ਸੋਚਣ ਵਾਲਿਆਂ ਦੀ ਧਾਰਨਾ ਹੈ ਕਿ ਇਸ ਤਰ੍ਹਾਂ ਲੋਕਾਂ ਦੀ ਪੀੜਾਂ ਨੂੰ ਘਟਾਇਆ ਜਾ ਸਕਦਾ ਹੈ। ਨੈਤਿਕਤਾ ਇਸ ਗੱਲ ਤੇ ਜ਼ੋਰ ਦਿੰਦੀ ਹੈ ਕਿ ਆਦਮੀ ਦੀ ਇੱਛਾ ਸੁਤੰਤਰ ਹੋਣੀ ਚਾਹੀਦੀ ਹੈ। ਇਸ ਹਾਲਤ ਵਿਚ ਹੀ ਵਿਅਕਤੀ ਸੁਤੰਤਰ ਕਰਮ ਕਰ ਸਕਦਾ ਹੈ। ਇਸੇ ਆਧਾਰ ਤੇ ਮਨੁੱਖ ਨੂੰ ਵਧੀਆ ਘਟੀਆ ਚੰਗਾ ਜਾਂ ਮਾੜਾ ਕਿਹਾ ਜਾ ਸਕਦਾ ਹੈ। ਜੇ ਆਦਮੀ ਕੋਈ ਵੀ ਕੰਮ ਸੁਤੰਤਰ ਹੋ ਕੇ ਨਹੀਂ ਕਰਦਾ ਤਾਂ ਉਥੇ ਨੈਤਿਕਤਾ ਦੇ ਅੰਸ਼ ਨਹੀਂ ਹੁੰਦੇ। ਧਰਮ ਵੀ ਮਨੁੱਖ ਦੀ ਸੁਤੰਤਰ ਇੱਛਾ ਨੂੰ ਕਬੂਲ ਕਰਦਾ ਹੈ। ਭਾਰਤ ਦੇ ਆਧੁਨਿਕ ਚਿੰਤਕ ਮਹਾਤਮਾ ਗਾਂਧੀ ਅਨੁਸਾਰ ਕੁਦਰਤ ਦੇ ਨਿਯਮ ਅਤੇ ਨੈਤਿਕ ਨਿਯਮ ਇਕ ਦੂਜੇ ਦੇ ਅਨੁਸਾਰੀ ਹਨ, ਕਿਉਂਕਿ ਦੋਵੇਂ ਹੀ ਦੈਵੀ ਇੱਛਾ ਦਾ ਪ੍ਰਗਟਾਵਾ ਹਨ। ਗਾਂਧੀ ਅਨੁਸਾਰ ਅਹਿੰਸਾ ਵਿਚ ਵਿਸ਼ਵਾਸ਼ ਧਰਮ ਦਾ ਅਸੂਲ ਵੀ ਹੈ ਤੇ ਨੈਤਿਕ ਅਸੂਲ ਵੀ । ਧਰਮ ਅਤੇ ਨੈਤਿਕਤਾ ਦੋਵੇਂ ਇਕ ਦੂਜੇ ਨੂੰ ਪ੍ਰਭਾਵਿਤ ਕਰਦੇ ਹਨ। ਇਸ ਤਰ੍ਹਾਂ ਇਹ ਦੋਵੇਂ ਇਕ ਦੂਜੇ ਦੇ ਪੂਰਕ ਪਰਵਾਨ ਕਰਦੇ ਹਨ।

### (ਅ) ਧਰਮ ਅਤੇ ਧਰਮ-ਸ਼ਾਸ਼ਤ੍ਰ (Religion and Theology) :

ਧਰਮ ਅਤੇ ਧਰਮ ਸ਼ਾਸ਼ਤ੍ਰ (theology) ਦਾ ਪ੍ਰਸਪਰ ਸੰਬੰਧ ਬਹੁਤ ਨੇੜਤਾ ਅਤੇ ਆਪਸੀ - ਨਿਰਭਰਤਾ ਵਾਲਾ ਹੈ। ਆਮ ਬੋਲ ਚਾਲ ਦੀ ਭਾਸ਼ਾ ਵਿਚ ਅਸੀਂ ਕਹਿ ਸਕਦੇ ਹਾਂ ਕਿ ਜੇ ਧਰਮ ਇਕ ਵਿਸ਼ਾ ਹੈ ਤਾਂ ਧਰਮ-ਸ਼ਾਸ਼ਤ੍ਰ (theology) ਉਸ ਵਿਸ਼ੇ ਦਾ ਅਧਿਐਨ ਜਾਂ ਵਿਗਿਆਨ ਹੈ।ਪਰੰਤੂ ਦਿਲਚਸਪ ਗੱਲ ਇਹ ਹੈ ਕਿ ਧਰਮ-ਸ਼ਾਸ਼ਤ੍ਰ (theology) ਸ਼ਬਦ ਆਰੰਭ ਤੋਂ ਹੀ ਇਨ੍ਹਾਂ ਅਰਥਾਂ ਵਿਚ ਨਹੀਂ ਵਰਤਿਆ ਜਾਂਦਾ । ਇਸ ਸ਼ਬਦ ਦੇ ਮੁਢਲੇ ਅਤੇ ਆਧੁਨਿਕ ਅਰਥਾਂ ਵਿਚ ਕਾਫ਼ੀ ਅੰਤਰ ਹੈ। ਅਰਥ ਵਿਚ ਇਸ ਅੰਤਰ ਨੇ ਸਮੇਂ ਸਮੇਂ ਇਸ ਦੇ ਧਰਮ ਨਾਲ ਆਪਸੀ ਸੰਬੰਧਾਂ ਨੂੰ ਵੀ ਪ੍ਰਭਾਵਿਤ ਕੀਤਾ ਹੈ।

Theology ਸ਼ਬਦ ਦਾ ਮੁੱਢ ਗਰੀਕ (GReek) ਭਾਸ਼ਾ ਤੋਂ ਹੈ। ਗਰੀਕ ਸ਼ਬਦ (theologos) ਨੂੰ (theology) ਦਾ ਮੂਲ ਮੰਨਿਆ ਗਿਆ ਹੈ। ਪਰੰਤੂ ਗਰੀਕ ਸਾਹਿਤ ਵਿਚ ਇਸ ਨੂੰ ਵੱਖਰੇ ਅਰਥਾਂ ਵਿਚ ਲਿਆ ਗਿਆ ਹੈ। ਪ੍ਰਸਿੱਧ ਯੂਨਾਨੀ ਕਵੀਆਂ ਹੋਮਰ ਅਤੇ ਹੈਂਜਡ ਨੇ theology ਸ਼ਬਦ ਉਸ ਵਿਅਕਤੀ ਲਈ ਵਰਤਿਆ ਹੈ ਜਿਹੜਾ ਦੇਵਤਿਆਂ ਦੇ ਮੁੱਢ ਅਤੇ ਉਹਨਾਂ ਦੇ ਇਤਿਹਾਸ ਦਾ ਚੰਗਾ ਵਾਕਫ਼ ਹੋਵੇ। ਲਾਤੀਨੀ ਭਾਸ਼ਾ ਵਿਚ theologia ਸ਼ਬਦ ਨੂੰ ਧਰਮ ਦੇ ਲਗਭਗ ਸਮਾਨਾਰਥਕ ਅਰਥਾਂ ਵਿਚ ਵਰਤਿਆ ਗਿਆ ਹੈ। ਈਸਾਈ ਧਾਰਮਿਕ ਸਾਹਿਤ ਵਿਚ theologos ਸ਼ਬਦ ਸਭ ਤੋਂ ਪਹਿਲਾਂ Apocalypse ਦੇ ਲੇਖਕ ਨੇ ਵਰਤਿਆ।ਤੀਜੀ ਅਤੇ ਚੌਥੀ ਸ਼ਤਾਬਦੀ ਤੀਕ theologos ਸ਼ਬਦ ਨੂੰ

ਆਮ ਤੌਰ ਤੇ ਉਸ ਵਿਅਕਤੀ ਲਈ ਹੀ ਵਰਤਿਆ ਜਾਂਦਾ ਸੀ ਜਿਹੜਾ ਇਸ doctrine ਨੂੰ ਸਮਝਾ ਸਕੇ। ਮਧਕਾਲੀਨ ਯੁੱਗ ਤੀਕ ਪਹੁੰਚਦਿਆਂ ਪਹੁੰਚਦਿਆਂ (theology) ਸ਼ਬਦ ਪਾਦਰੀਆਂ ਅਤੇ ਧਰਮ-ਸ਼ਾਸ਼ਤਰੀਆਂ ਦੁਆਰਾ ਅਧਿਐਨ ਕੀਤੇ ਜਾਣ ਵਾਲੇ ਧਾਰਮਿਕ ਸਿਧਾਂਤ ਦੇ ਸਮਾਨਾਰਥਕ ਹੋ ਗਿਆ ਸੀ।

Theology ਦਾ ਸ਼ਾਬਦਿਕ ਅਰਥ ਪਰਮਾਤਮਾ ਨਾਲ ਸੰਬੰਧਿਤ doctrine ਜਾਂ ਵਿਚਾਰ ਲਿਆ ਗਿਆ ਹੈ (see D.S. Adam "Theology" in Encyclopaedia of Religion and Ethics") ਇਸ ਅਰਥ-ਬੋਧ ਅਨੁਸਾਰ theology ਦਾ ਮੁੱਢਲਾ ਅਤੇ ਨੇੜਲਾ ਸੰਬੰਧ ਮਨੁੱਖੀ ਜੀਵਨ ਦੇ ਅਧਿਆਤਮਕ ਪੱਖ ਤੱਕ ਹੀ ਸੀਮਿਤ ਰਹਿ ਜਾਂਦਾ ਹੈ। ਮਨੁੱਖ ਦੇ ਸਮਾਜਿਕ ਅਤੇ ਭੌਤਿਕ ਜੀਵਨ ਨਾਲੋਂ ਇਸ ਦਾ ਰਿਸ਼ਤਾ ਇਕ ਤਰ੍ਹਾਂ ਟੁੱਟ ਹੀ ਜਾਂਦਾ ਹੈ। ਪਰੰਤੂ ਪਰਮਾਤਮਾ ਦੇ ਰੂਪ ਅਤੇ ਹੋਰ ਅਧਿਆਤਮਕ ਵਿਸ਼ਿਆਂ ਨਾਲ ਸੰਬੰਧਤ ਸਿਧਾਂਤ (doctrine) ਧਰਮ ਸ਼ਾਸ਼ਤ੍ਰ (theology) ਦੀ ਇਕ ਸ੍ਹਾਖਾ ਹੀ ਕਹੀ ਜਾ ਸਕਦੀ ਹੈ ਜਦਕਿ ਧਰਮ ਸ਼ਾਸ਼ਤ੍ਰ (theology) ਅਧਿਆਤਮਕ ਵਿਸ਼ਿਆਂ ਨੂੰ ਇਕ ਚੌਰੇੜੇ ਪਰਿਪੇਖ ਵਿਚ ਰੱਖ ਕੇ ਇਸ ਦੇ ਹਰ ਸੰਭਵ ਅਰਥ ਨੂੰ ਸਮਝਣ ਦਾ ਯਤਨ ਹੈ। ਅਸੀਂ ਇਹ ਵੀ ਕਹਿ ਸਕਦੇ ਹਾਂ ਕਿ ਧਰਮ ਦੇ ਅਧਿਐਨ ਜਾਂ ਵਿਗਿਆਨ ਹੋਣ ਦੇ ਨਾਤੇ ਧਰਮ ਸ਼ਾਸ਼ਤ੍ਰ (theology) ਨੇ ਮਨੁੱਖ ਦੀ ਸਚਾਈ ਦੀ ਤਾਂਘ ਨੂੰ ਹੀ ਸੰਤੁਸ਼ਟ ਨਹੀਂ ਕਰਨਾ ਹੁੰਦਾ ਬਲਕਿ ਮਨੁੱਖ ਨੂੰ ਇਹ ਸੱਚ ਭੌਤਿਕ ਅਤੇ ਸਮਾਜਕ ਜੀਵਨ ਵਿਚ ਜਿਉਣ ਦੀ ਜਾਂਚ ਵੀ ਸਿਖਾਉਣੀ ਹੁੰਦੀ ਹੈ ਅਤੇ ਇਸ ਰਾਹ ਤੇ ਉਸ ਦੀ ਅਗਵਾਈ ਵੀ ਕਰਨੀ ਹੁੰਦੀ ਹੈ। ਲਿਬਹੰਸਨ ਧਰਮ ਸ਼ਾਸ਼ਤ੍ਰ (theology) ਲਹਿਰ ਦੇ ਇਕ ਉਘੇ ਵਿਦਵਾਨ ਨੇ ਵੀ ਧਰਮ-ਸ਼ਾਸ਼ਤ੍ਰ (theology) ਦੇ ਅਧਿਆਤਮਕ ਅਤੇ ਭੌਤਿਕ ਪਹਿਲੂਆਂ ਵਿਚਕਾਰ ਇਕ ਸਾਂਵਾਪਣ ਕਾਇਮ ਕਰਨ ਦਾ ਹੀ ਯਤਨ ਕਰਦਿਆਂ ਕਿਹਾ ਹੈ ਕਿ ਧਰਮ-ਸ਼ਾਸ਼ਤ੍ਰ (theology) ਸਭਿਆਚਾਰ ਦੀ ਪੈਦਾਵਾਰ ਹੈ ਅਤੇ ਸਭਿਆਚਾਰ ਮੁੱਖ ਤੌਰ ਤੇ ਮਨੁੱਖ, ਜਗਤ, ਅਤੇ ਪਰਮਾਤਮਾ ਨੂੰ ਕਿਆਸਣ ਅਤੇ ਸਮਝਣ ਦਾ ਹੀ ਯਤਨ ਹੈ (see Engelbert Myeng "A Cultural Perspective" in doing theology in divided world pp. 72-73)। ਧਰਮ ਸ਼ਾਸ਼ਤ੍ਰ ਉਹ ਵਿਗਿਆਨ ਹੈ ਜਿਸ ਦਾ ਸੰਬੰਧ ਵਿਗਿਆਨਕ ਤਰੀਕਿਆਂ ਨਾਲ ਧਰਮ ਦੇ ਵਰਤਾਰੇ ਅਤੇ ਧਰਮ ਦੀ ਵਿਸਤ੍ਰਿਤ ਫਲਾਸਫੀ ਜਾਂ ਧਰਮ ਦੇ ਵਿਸਤ੍ਰਿਤ ਸੰਸਲੇਸ਼ਣ ਨੂੰ ਟੀਸੀ ਤਕ ਪਹੁੰਚਾਉਣ ਨਾਲ ਹੈ। ਇਸ ਅਨੁਸਾਰ ਧਰਮ ਸ੍ਹਾਸਤਰ ਦੇ ਘੇਰੇ ਵਿਚ ਧਰਮ ਦੇ ਵਿਸ੍ਵਾਸਾਂ ਦੇ ਬਾਹਰੀ ਧਰਾਤਲ ਨੂੰ ਜਾਣਨਾ ਅਤੇ ਠੀਕ ਢੰਗ ਨਾਲ ਪੇਸ੍ਹ ਕਰਨਾ ਸ੍ਹਾਮਿਲ ਹੈ। ਵਿਗਿਆਨਕ ਅਰਥਾਂ ਵਿਚ ਥੀਆਲੋਜੀ ਸ੍ਹਬਦ "ਪ੍ਰਮਾਤਮਾ ਨਾਲ ਸੰਬੰਧਤ ਵਿਆਖਿਆਨ ਜਾਂ ਸਿਧਾਂਤ" ਵੱਲ ਸੰਕੇਤ ਕਰਦਾ ਹੈ। ਇਹ ਵਿਚਾਰ ਗਰੀਕ ਵਿਦਵਾਨਾਂ ਹੋਮਰ ਅਤੇ ਹੈਜ਼ਡ ਦੇ ਕੰਮਾਂ ਦੀ ਵਿਆਖਿਆ ਕਰਨ ਲਈ ਵਰਤਿਆ ਗਿਆ ਸੀ। ਇਸ ਦਾ ਕਾਰਨ ਇਹ ਸੀ ਕਿ ਇਹ ਕਈ ਦੇਵਤਿਆਂ ਅਤੇ ਉਹਨਾਂ ਦੇ ਕੰਮਾਂ ਬਾਰੇ ਲਿਖਦੇ ਹਨ। ਇਹ ਵਿਚਾਰ ਪਲੈਟੋ ਅਤੇ ਅਰਸਤੂ ਨੇ ਸਾਰੀਆਂ ਚੀਜ਼ਾਂ ਦੇ ਅਖੀਰ ਵਿਚ ਇਕੋ ਧਰਾਤਲ ਜਾਂ ਸਰਵਉੱਚ ਸੱਚਾਈ ਬਾਰੇ ਭਵਿੱਖਬਾਣੀ ਕਰਦਿਆਂ ਵਰਤਿਆ ਹੈ। ਪਰਮਾਤਮਾ ਨਾਲ ਸੰਬੰਧਿਤ ਸਿਧਾਂਤ, ਉਸ ਦੀ ਖਲਕਤ ਅਤੇ ਗੁਣ ਸਿਰਫ ਧਰਮ ਸ਼ਾਸ਼ਤ੍ਰ ਦੀ ਇਕ ਸ਼ਾਖਾ ਹਨ। ਜਿਵੇਂ ਕਿ ਇਹ ਸਮਝਿਆ ਜਾਂਦਾ ਹੈ ਕਿ ਮਨੁੱਖ ਦਾ ਪਰਮਾਤਮਾ ਬਾਰੇ ਗਿਆਨ ਜੋ ਮਨੁੱਖਤਾ ਦੇ ਤਜ਼ਰਬੇ ਦਾ ਇਕ ਹਿੱਸਾ ਹੈ, ਨੂੰ ਧਰਮ ਕਿਹਾ ਜਾਂਦਾ ਹੈ। ਇਸ ਵਿਚ ਹੋਰ ਤੱਤ ਵੀ ਸ਼ਾਮਲ ਹਨ, ਜਿਨ੍ਹਾ ਦਾ ਸਬੰਧ ਕੁਦਰਤ ਦੀ ਦੁਨੀਆਂ ਅਤੇ ਮਨੁੱਖ ਦੇ ਨਾਲ-ਨਾਲ ਪਾਪ, ਮੌਤ, ਸ਼ਕਤੀ ਅਤੇ ਨਾਸ਼ਵਾਨ ਜ਼ਿੰਦਗੀ ਨਾਲ ਵੀ ਹੈ। ਆਮ ਸ਼ਬਦਾਂ ਵਿਚ ਵਿਗਿਆਨ ਦਾ ਸੰਬੰਧ ਮਨੁੱਖੀ ਤਜ਼ਰਬਿਆਂ ਦੇ ਕੁਝ ਪੱਕੇ ਤੱਤਾਂ ਜਾਂ ਸਰੋਤਾਂ ਨਾਲ ਹੁੰਦਾ ਹੈ । ਧਰਮ ਸ਼ਾਸ਼ਤ੍ਰ ਉਹ ਵਿਗਿਆਨ ਹੈ ਜਿਸ ਦਾ ਸਬੰਧ ਮਨੁੱਖੀ ਤਜ਼ਰਬੇ ਜਾਂ ਅਨੁਭਵ ਨਾਲ

ਹੈ ਜਿਨ੍ਹਾਂ ਨੂੰ ਧਰਮ ਦੇ ਨਾਮ ਨਾਲ ਹੀ ਜਾਣਿਆ ਜਾਂਦਾ ਹੈ ਅਤੇ ਜਿਨ੍ਹਾਂ ਤੋਂ ਮਨੁੱਖ ਨੂੰ ਪਰਮਾਤਮਾ ਅਤੇ ਧਾਰਮਿਕ ਚੀਜ਼ਾਂ ਬਾਰੇ ਗਿਆਨ ਪ੍ਰਾਪਤ ਵੀ ਹੁੰਦਾ ਹੈ।

ਧਰਮ ਸ਼ਾਸ਼ਤ੍ਰ (theology) ਦੇ ਅਰਥਾਂ ਨੂੰ ਸਮਝਣ ਅਤੇ ਸੀਮਤ ਕਰਨ ਦੇ ਯਤਨ ਤੋਂ ਬਾਅਦ ਸਾਨੂੰ ਇਹ ਗੱਲ ਵੀ ਸਮਝ ਲੈਣੀ ਜ਼ਰੂਰੀ ਹੈ ਕਿ ਧਰਮ ਸ਼ਾਸ਼ਤ੍ਰ (theology) ਦੀ ਹੋਂਦ ਦਾ ਆਧਾਰ ਹੈ। ਮੌਜੂਦਾ ਅਤੇ ਪੁਰਾਤਨ ਧਰਮਾਂ ਦਾ ਵਿਚਾਰ, ਧਰਮ ਦੀ ਪਰਿਭਾਸ਼ਾ ਅਤੇ ਉਸ ਦੇ ਰੂਪ ਦੀ ਗੱਲ ਕਰਦਿਆਂ ਕਿਹਾ ਜਾ ਸਕਦਾ ਹੈ ਧਰਮ ਸਿਰਫ਼ ਕਿਸੇ ਪਰਮ-ਸੱਤਾ ਵਿਚ ਵਿਸ਼ਵਾਸ ਜਾਂ ਕੁਝ ਅਧਿਆਤਮਕ ਰੁਚੀਆਂ ਦੇ ਰੁਝਾਨ ਨੂੰ ਹੀ ਨਹੀਂ ਕਹਿੰਦੇ। ਇਹ ਧਰਮ ਦਾ ਇਕ ਅਹਿਮ ਅੰਗ ਹਨ, ਪਰੰਤੂ ਇਹ ਧਰਮ ਦਾ ਸਿਰਫ ਇਕ ਪੱਖ, ਉਸ ਦਾ dogmatic ਜਾਂ theoretic ਪੱਖ ਦਰਸਾਉਂਦੇ ਹਨ। ਧਰਮ ਇਨ੍ਹਾਂ ਅਧਿਆਤਮਕ ਸਿਖਿਆਵਾਂ ਨੂੰ ਆਧਾਰ ਬਣਾ ਕੇ ਇਕ ਆਦਰਸ਼ਕ ਸਮਾਜ ਸਿਰਜਣਾ ਹੈ। ਅਜਿਹੇ ਆਦਰਸ਼ਕ ਸਮਾਜ ਨੂੰ ਬਨਾਉਣ ਅਤੇ ਚਲਾਉਣ ਵਾਲੀਆਂ ਨੈਤਿਕ ਅਤੇ ਸਦਾਚਾਰਕ ਕੀਮਤਾਂ ਇਨ੍ਹਾਂ ਅਧਿਆਤਮਕ ਸਿਖਿਆਵਾਂ ਜਾਂ ਸਿਧਾਂਤਾਂ (doctrines) ਵਿਚ ਹੀ ਲੁਪਤ ਹੁੰਦੀਆਂ ਹਨ। ਸੋ ਇਨ੍ਹਾਂ ਲੁਪਤ ਕਦਰਾਂ ਕੀਮਤਾਂ ਨੂੰ ਅਮਲੀ (practical) ਜੀਵਨ ਵਿਚ ਲਿਆਉਣਾ ਅਤੇ ਇਨ੍ਹਾਂ ਨੂੰ ਮਨੁੱਖ ਦੇ ਸਮਾਜਿਕ ਅਤੇ ਰਾਜਨੀਤਕ ਜੀਵਨ ਦੀ ਅਗਵਾਈ ਕਰਨ ਵਾਲੀ ਸ਼ਕਤੀ (guiding spirit) ਬਣਾਉਣਾ ਵੀ ਧਰਮ ਦੇ ਕਾਰਜ-ਖੇਤਰ ਵਿਚ ਹੀ ਆਉਂਦਾ ਹੈ। ਇਸ ਤਰ੍ਹਾਂ ਜਦ ਅਸੀਂ ਧਰਮ ਨੂੰ ਉਸ ਦੇ ਸਹੀ ਧਰਮ-ਸ਼ਾਸ਼ਤ੍ਰ (theology) ਦੇ ਅਰਥਾਂ ਵਿਚ ਸਮਝਣ ਦਾ ਯਤਨ ਕਰਦੇ ਹਾਂ ਤਾਂ ਸਾਨੂੰ ਧਰਮ ਦੇ ਵੀ ਸਹੀ ਅਰਥ ਅਤੇ ਸਹੀ ਸਰੂਪ ਦਾ ਗਿਆਨ ਹੋ ਜਾਂਦਾ ਹੈ।

ਸਮੇਂ ਅਤੇ ਸਥਾਨ ਦੇ ਅੰਤਰ ਨਾਲ ਹਮੇਸ਼ਾਂ ਹੀ ਧਰਮ ਦੇ ਅਰਥ ਬਦਲਦੇ ਰਹੇ ਹਨ ।ਆਦਿ-ਕਾਲ ਦੇ ਮਨੁੱਖ ਦਾ ਧਰਮ ਕੁਦਰਤੀ ਕਰੋਪੀਆਂ ਦੇ ਡਰ ਤੋਂ ਉਪਜੇ ਭੈ ਕਾਰਨ ਅਤੇ ਇਨ੍ਹਾਂ ਕਰੋਪੀਆਂ ਤੋਂ ਬਚਣ ਦੀ ਸੁਭਾਵਿਕ ਲਾਲਸਾ ਕਾਰਨ ਕਿਸੇ ਨਾ ਸਮਝੀ ਜਾ ਸਕਣ ਵਾਲੀ ਗੈਰ ਕੁਦਰਤੀ ਅਤੇ ਸੰਪੰਨ ਪਰਮ-ਸੱਤਾ ਵਿਚ ਵਿਸ਼ਵਾਸ਼ ਅਤੇ ਉਸ ਸੱਤਾ ਨੂੰ ਖੁਸ਼ ਕਰਨ ਹਿੱਤ ਨਿਭਾਈਆਂ ਜਾਣ ਵਾਲੀਆਂ ਰੀਤਾਂ ਅਤੇ ਰਸਮਾਂ ਤੀਕ ਹੀ ਸੀਮਿਤ ਸੀ।ਫਿਰ ਉਸ ਪਰਮ-ਸਤਾ ਨੂੰ ਕੁਦਰਤ ਦੇ ਵੱਖ ਵੱਖ ਰੂਪਾਂ ਜਿਹਾ ਕਿ ਸੂਰਜ, ਅੱਗ, ਹਵਾ, ਪਾਣੀ ਦਰਖਤ ਆਦਿ ਵਿਚ ਵਿਦਮਾਨ ਮੰਨ ਕੇ ਇਨ੍ਹਾਂ ਰੂਪਾਂ ਦੀ ਪੂਜਾ ਹੋਣ ਲੱਗੀ। ਮਨੁੱਖ ਦੇ ਦਿਮਾਗ ਨੇ ਇਨ੍ਹਾਂ ਕੁਦਰਤੀ ਸ਼ਕਤੀਆਂ ਨੂੰ ਵੱਖ ਵੱਖ ਦੇਵੀ ਦੇਵਤਿਆਂ ਦੇ ਰੂਪ ਵਿਚ ਵੀ ਕਿਆਸਿਆ। ਭਾਰਤੀ ਧਰਮ ਦੇ ਇਤਿਹਾਸ ਦੇ ਸੰਦਰਭ ਵਿਚ, ਆਰੀਆ ਲੋਕਾਂ ਦੇ ਆਉਣ ਅਤੇ ਵੇਦਾਂ ਦੇ ਰਚਨ ਤੋਂ ਬਾਦ ਹੀ ਸਰਵ-ਸ਼ਕਤੀਮਾਨ ਇਕ ਬ੍ਰਹਮ ਦਾ ਸੰਕਲਪ ਸਾਹਮਣੇ ਆਇਆ। ਪ੍ਰੰਤੂ ਵੈਦਿਕ ਵਿਚਾਰਧਾਰਾ ਅਨੁਸਾਰ ਹੀ ਇਹ ਦ੍ਰਿਸ਼ਟੀਗੋਚਰ ਜਗਤ ਮਿਥਿਆ (ਮਾਇਆ) ਹੈ। ਇਸ ਲਈ ਵੇਦਾਂਤ ਅਨੁਸਾਰ ਅਧਿਆਤਮਕ ਉੱਚਤਾ ਦੀ ਪ੍ਰਾਪਤੀ ਹਿਤ ਇਸ ਸੰਸਾਰ ਨੂੰ ਤਿਆਗਣਾ (ਸੰਨਿਆਸ) ਜ਼ਰੂਰੀ ਹੈ। ਇਸ ਤਰ੍ਹਾਂ ਵੈਦਿਕ ਧਰਮ ਨੇ ਮਨੁੱਖ ਦੇ ਅਧਿਆਤਮਕ ਜੀਵਨ ਨੂੰ ਹੀ ਪ੍ਰਮੁੱਖ ਰਖਿਆ ਅਤੇ ਉਸ ਦੇ ਭੌਤਿਕ ਸਮਾਜਿਕ ਜੀਵਨ ਨੂੰ ਅਣਗੋਲਿਆ ਹੀ ਰਹਿਣ ਦਿੱਤਾ। ਧਰਮ ਦੇ ਇਸ ਸੀਮਿਤ ਸਰੂਪ ਨੇ ਧਰਮ ਸ਼ਾਸ਼ਤ੍ਰ ਦੇ ਘੇਰੇ ਨੂੰ ਉਸੇ ਅਨੁਪਾਤ ਅਨੁਸਾਰ ਹੀ ਛੋਟਾ ਕਰ ਦਿੱਤਾ। ਮਨੁੱਖ ਦੇ ਸਮਾਜਕ ਜੀਵਨ ਜਾਂ ਸਮਾਜ ਨੂੰ ਸਮੁੱਚੇ ਤੌਰ ਤੇ ਉੱਚਾ ਚੁਕਣ ਦੀ ਵਿਉਂਤ ਜਾਂ ਉਪਰਾਲਾ ਧਰਮ-ਸ਼ਾਸ਼ਤ੍ਰ ਜਾਂ ਧਰਮ ਸ਼ਾਸ਼ਤ੍ਰੀਆਂ ਦੇ ਕਾਰਜ-ਖੇਤਰ ਤੋਂ ਬਾਹਰ ਦੀ ਗੱਲ ਸੀ।

ਧਰਮ ਸ਼ਾਸ਼ਤਰ ਠੀਕ ਵਿਗਿਆਨਕ ਤਰੀਕਿਆਂ, ਸਹਿਯੋਗੀ ਸਬੰਧਾਂ ਅਤੇ ਮਾਨਵਤਾ ਦੇ ਧਾਰਮਿਕ ਤਜ਼ਰਬੇ ਨੂੰ, ਇਸ ਢੰਗ ਨਾਲ ਸੰਗਠਿਤ ਕਰਦਾ ਹੈ ਤਾਂ ਕਿ ਇਕ ਉਚਿਤ ਸਿਧਾਂਤ ਤਕ ਪਹੁੰਚਿਆ ਜਾ ਸਕੇ। ਇਸ ਸਿਧਾਤ ਨਾਲ ਆਦਮੀ ਦੀ ਉੱਚੀ ਮਾਨਸਿਕਤਾ ਨਾਲ ਸੰਬੰਧਤ ਸੰਤੁਸ਼ਟੀ ਲਈ ਯਤਨਾਂ

ਅਤੇ ਜ਼ਿੰਦਗੀ ਨੂੰ ਅਸਲੀ ਰਸਤਾ ਵਿਖਾਉਣ ਵੀ ਧਰਮ ਸ਼ਾਸ਼ਤ੍ਰ ਦਾ ਹਿੱਸਾ ਹੈ। ਧਰਮ ਸ਼ਾਸ਼ਤ੍ਰ ਦਾ ਸੰਬੰਧ ਕੇਵਲ ਧਾਰਮਿਕ ਚੇਤਨਾ ਦੇ ਨਾਲ ਸੰਬੰਧਤ ਵਿਸ਼ਿਆਂ, ਅਨੁਮਾਨਿਤ ਵਿਚਾਰਾਂ, ਜਜ਼ਬਿਆਂ ਅਤੇ ਆਦਮੀ ਦੇ ਧਾਰਮਿਕ ਖੇਤਰਾਂ ਵਿਚ ਕੰਮ ਤੱਕ ਹੀ ਸੀਮਿਤ ਨਹੀਂ ਸਗੋਂ ਧਰਮ ਦੇ ਬਾਹਰੀ ਧਰਾਤਲਾਂ ਅਤੇ ਆਖਰੀ ਸੱਚ ਜਾਂ ਅਸਲੀਆਤ ਨਾਲ ਵੀ ਹੈ। ਇਸ ਤੋਂ ਇਹ ਸਾਬਤ ਹੁੰਦਾ ਹੈ ਕਿ ਧਰਮ ਸ਼ਾਸ਼ਤ੍ਰ ਵਿਚ ਮਨੁੱਖਤਾ ਦੇ ਧਾਰਮਿਕ ਤਜ਼ਰਬਿਆਂ ਦਾ ਵਿਸਥਾਰ ਸ਼ਾਮਲ ਹੈ। ਧਰਮ ਸ਼ਾਸ਼ਤਰ ਸਿਰਫ ਧਰਮ ਦਾ ਵਿਗਿਆਨ ਹੀ ਨਹੀਂ, ਜਿਸ ਦਾ ਸਬੰਧ ਕਈ ਕਿਸਮ ਦੇ ਇਤਿਹਾਸਕ ਧਰਮਾਂ ਨਾਲ ਹੈ ਜਾਂ ਜਿਹੜੇ ਆਦਮੀਆਂ ਵਿਚ ਪ੍ਰਫੁਲਤ ਹੋ ਚੁੱਕੇ ਹਨ ਭਾਵੇਂ ਇਹ ਸਭ ਇਸ ਦਾ ਹਿੱਸਾ ਹਨ। ਸਗੋਂ ਧਰਮ ਦਾ ਵਿਗਿਆਨ ਮਨੁੱਖੀ ਤਜ਼ਰਬੇ ਦੇ ਮਹੱਤਵਪੂਰਣ ਵਿਭਾਗ ਵਜੋਂ ਵੀ ਜਾਣਿਆ ਜਾ ਚੁੱਕਾ ਹੈ।

ਧਰਮ ਸ਼ਾਸ਼ਤ੍ਰ ਧਰਮ ਦਾ ਵਿਗਿਆਨ ਹੋਣ ਕਰਕੇ ਧਰਮ ਦਾ ਹਿੱਸਾ ਹੈ। ਧਰਮ ਰਾਹ ਵਿਖਾਉਂਦਾ ਹੈ ਅਤੇ ਇਸ ਦਾ ਖੇਤਰ ਧਰਮ ਸ਼ਾਸ਼ਤ੍ਰ ਨਾਲੋਂ ਵੱਡਾ ਹੈ। ਧਰਮ ਤਾਂ ਧਰਮ ਸ਼ਾਸ਼ਤ੍ਰ ਨੂੰ ਵਿਸ਼ਾ ਵਸਤੂ ਪ੍ਰਦਾਨ ਕਰਦਾ ਹੈ। ਮਨੁੱਖੀ ਜੀਵਨ ਦੇ ਸਾਰੇ ਸਰੋਕਾਰਾਂ ਅਤੇ ਤਜ਼ਰਬਿਆਂ, ਜਿਨ੍ਹਾਂ ਵਿਚ ਭਾਵਨਾ ਅਨੁਭਵ ਅਤੇ ਸੰਕਲਪ ਪ੍ਰਧਾਨ ਤੱਤ ਹਨ, ਦਾ ਪ੍ਰਗਟਾਵਾ ਹੀ ਧਰਮ ਸ਼ਾਸ਼ਤ੍ਰ ਹੈ, ਜਿਵੇਂ ਜ਼ਿੰਦਗੀ ਦੇ ਰਿਸ਼ਤਿਆਂ ਅਤੇ ਕੰਮਾਂ ਕਾਰਾਂ ਵਿਚ ਗਿਣਤੀ ਦੀ ਵਰਤੋਂ ਗਣਿਤ ਸ਼ਾਸ਼ਤਰ ਰਾਹੀਂ ਪ੍ਰਗਟ ਹੁੰਦੀ ਹੈ, ਬੋਲੀ ਦੀ ਵਰਤੋਂ ਭਾਸ਼ਾ ਵਿਗਿਆਨ ਨੂੰ ਜਨਮ ਦੇਂਦੀ ਹੈ, ਤਰਕ ਦੀ ਵਰਤੋਂ ਤਰਕ ਸ਼ਾਸ਼ਤ੍ਰ ਪੈਦਾ ਕਰਦੀ ਹੈ ਅਤੇ ਜਹਾਜ਼ਾਂ ਦੇ ਸਮੁੰਦਰ ਵਿਚ ਤੈਰਨ ਨੂੰ ਜਹਾਜ਼ਰਾਨੀ ਕਿਹਾ ਜਾਂਦਾ ਹੈ, ਇਸੇ ਤਰ੍ਹਾਂ ਆਦਮੀ ਦੀ ਜ਼ਿੰਦਗੀ ਨਾਲ ਜੋੜੇ ਰੁਝੇਵਿਆਂ ਵਿਚ ਤਜ਼ਰਬਾ ਅਤੇ ਧਰਮ ਦੀ ਵਰਤੋਂ ਇਕ ਅਮਲੀ ਤੱਤ ਵਜੋਂ ਧਰਮ ਸ਼ਾਸ਼ਤਰ ਰਾਹੀਂ ਸਾਹਮਣੇ ਆਉਂਦੀ ਹੈ।

ਜਿਵੇਂ ਆਦਮੀ ਆਪਣਿਆਂ ਤਜ਼ਰਬਿਆਂ ਨੂੰ ਪ੍ਰਬੰਧ ਤੱਕ ਘਟਾ ਕੇ ਅਤੇ ਆਪਣੇ ਨਿਯਮਾਂ ਨੂੰ ਦਿਖਾ ਕੇ ਜ਼ਿੰਦਗੀ ਦੇ ਅਨੇਕ ਭਾਗਾਂ ਵਿਚ ਮਹੱਤਵਪੂਰਣ ਕੁਸ਼ਲਤਾ ਅਤੇ ਸਫਲਤਾ ਹਾਸਿਲ ਕਰਦਾ ਹੈ। ਇਸੇ ਤਰ੍ਹਾਂ ਆਦਮੀ ਧਰਮ ਸ਼ਾਸ਼ਤਰ ਦੀ ਉਚਿਤ ਵਰਤੋਂ ਕਰਕੇ ਸੱਚੀ-ਸੁੱਚੀ ਧਾਰਮਿਕ ਜ਼ਿੰਦਗੀ ਜਿਊਂ ਸਕਦਾ ਹੈ। ਇਸ ਦੇ ਨਾਲ ਹੀ ਸਿਹਤਮੰਦ ਅਤੇ ਉਸਾਰੂ ਧਾਰਮਿਕ ਤਜ਼ਰਬਾ ਵੀ ਹਾਸਲ ਕਰ ਸਕਦਾ ਹੈ। ਸਾਬਤ ਹੋਇਆ ਕਿ ਧਰਮ ਅਤੇ ਧਰਮ ਸ਼ਾਸ਼ਤਰ ਬਿਲਕੁਲ ਅਨਿਖੜ ਪ੍ਰਤੀਤ ਹੁੰਦੇ ਹਨ। ਧਰਮ ਸ਼ਾਸ਼ਤਰੀ ਕੇ ਵਲ ਬੌਧਿਕ ਪੱਧਰ ਗ੍ਰਹਿਣ ਕੀਤੀ ਸਿਧਾਂਤਕਤਾ ਦਾ ਪਾਲਕ ਹੀ ਨਹੀਂ ਹੈ। ਧਰਮ ਸ਼ਾਸ਼ਤਰੀ ਲਈ ਧਾਰਮਿਕ ਅਨੁਭਵ ਬਹੁਤ ਜ਼ਰੂਰੀ ਹੈ। ਸੋ ਧਰਮ ਸ਼ਾਸ਼ਤਰੀ ਵਿਚ ਧਾਰਮਿਕ ਉਤਮਤਾ ਅਨੁਭਵ ਅਤੇ ਅਮਲ ਦੇ ਸੁਮੇਲ ਵਜੋਂ ਸ਼ਾਮਲ ਹੈ।

### (ੲ) ਧਰਮ-ਦਰਸ਼ਨ ਅਤੇ ਧਰਮ ਸ਼ਾਸ਼ਤਰ (Religious Philosophy and theology) :

ਜਦੋਂ ਧਰਮ ਦਾ ਵਿਗਿਆਨ, ਧਰਮ ਦੀ ਫਿਲਾਸਫੀ ਨਾਲ ਇਕਮਿਕ ਹੋ ਜਾਂਦਾ ਹੈ ਤਾਂ ਇਸ ਨਾਲ ਗਿਆਨ ਦਾ ਉੱਚਤਮ ਰੂਪ ਸਾਹਮਣੇ ਆਉਂਦਾ ਹੈ, ਇਹੋ ਹੀ ਧਰਮ ਦੇ ਵਿਗਿਆਨ ਦਾ ਉਦੇਸ਼ ਹੈ। ਸੱਚਾਈ ਬਾਰੇ ਗਿਆਨ ਦੀ ਤਰ੍ਹਾਂ ਵਿਗਿਆਨ ਵੀ ਆਪਣੇ ਸਾਰੇ ਵਿਭਾਗਾਂ ਵਿਚ ਸੀਮਤ ਅਤੇ ਅਪੂਰਨ ਹੈ। ਵਸਤੂ ਅਤੇ ਮਨ ਜਾਂ ਆਤਮਾ, ਸਥਾਨ ਅਤੇ ਸਮੇਂ, ਜ਼ਿੰਦਗੀ ਅਤੇ ਚੇਤਨਾ ਵਿਚ ਰਿਸ਼ਤਿਆਂ ਬਾਰੇ ਅਖੀਰ ਵਿਚ ਕਈ ਸਵਾਲ ਬਿਨਾਂ ਸੁਲਝਾਏ ਹੀ ਛੱਡ ਜਾਂਦਾ ਹੈ। ਗਿਆਨ ਦਾ ਉਚਤਮ ਰੂਪ ਹੋਣ ਕਰਕੇ ਫਿਲਾਸਫੀ ਦਾ ਇਹ ਕਰਤੱਵ ਹੈ ਕਿ ਅਜਿਹੇ ਸਵਾਲਾਂ ਦਾ ਜਵਾਬ ਦੇਵੇ।ਕਾਂਤ (Kant) ਅਨੁਸਾਰ ਸਹੀ ਵਿਗਿਆਨਕ-ਗਿਆਨ, ਪ੍ਰਥਮ ਸੰਸਾਰ ਦੇ ਗਿਆਨ ਦੇ ਮੁਕਾਬਲੇ ਸੀਮਤ ਹੈ ਅਤੇ ਇਹ ਆਖਰੀ ਸੱਚਾਈ ਤੱਕ ਨਹੀਂ ਪਹੁੰਚਦਾ। ਕਾਂਤ ਅਨੁਸਾਰ ਸੱਚਾਈ ਦੀ ਪ੍ਰਤੱਖ ਸੰਸਾਰ ਤੱਕ ਪਹੁੰਚ, ਇਨਸਾਨ ਦੁਆਰਾ ਕੀਤੀ ਗਈ। ਇਸ ਦਾ

ਅਰਥ ਇਹ ਹੋਇਆ ਕਿ ਇਨਸਾਨ ਦੀ ਸਹਿਜ ਚੇਤਨਾ ਦੇ ਮੁਕਾਬਲੇ ਇਨਸਾਨ ਦੀ ਗ੍ਰਹਿਣ ਕੀਤੀ ਚੇਤਨਾ ਕੁਝ ਵੀ ਨਹੀਂ ਹੈ। ਇਸੇ ਲਈ ਤਾਂ ਕਾਂਤ ਨੂੰ ਇਸ ਨਤੀਜੇ ਤੇ ਪਹੁੰਚਣਾ ਪਿਆ ਕਿ ਸਚਾਈ ਦੇ ਪ੍ਰਤੱਖ ਸੰਸਾਰ ਤੱਕ ਪਹੁੰਚਣਾ ਤਾਂ ਹੈ ਇਹ ਜ਼ਰੂਰੀ ਨਹੀਂ ਕਿ ਇਹ ਅਸਲ ਤਰਕ ਦੇ ਰਾਹੀਂ ਹੀ ਪਹੁੰਚੇ। ਇਹ ਪਰਵਾਨ ਕੀਤਾ ਜਾ ਚੁੱਕਾ ਹੈ ਕਿ ਇਨ੍ਹਾਂ ਸਾਧਨਾਂ ਰਾਹੀਂ ਹੀ ਅਸੀਂ ਪਰਮਾਤਮਾ ਦੇ ਵਿਸ਼ਵਾਸ਼-ਗਿਆਨ ਤੱਕ, ਆਜ਼ਾਦੀ ਅਤੇ ਅਨਾਸ਼ਵਾਨਤਾ ਤੱਕ ਪਹੁੰਚ ਸਕਦੇ ਹਾਂ। ਹਕਸਲੇ ਅਤੇ ਸਪੈਨਸਰ ਨੇ ਕਾਂਤ ਦੇ ਸਿੱਟੇ ਨੂੰ ਆਪਣੇ ਥੀਸਸ ਵਿਚ ਵਰਤਦਿਆਂ ਕਿਹਾ ਹੈ ਕਿ ਪਰਮਾਤਮਾ ਜਾਂ ਆਖਰੀ ਸਚਾਈ ਅਣਜਾਣੀ ਹੈ ਅਤੇ ਅਣਜਾਣੀ ਹੀ ਰਹਿਣੀ ਚਾਹੀਦੀ ਹੈ।

ਧਰਮ ਦਰਸ਼ਨ ਅਤੇ ਧਰਮ-ਸ਼ਾਸ਼ਤ੍ਰ ਦੇ ਆਪਸ ਵਿਚ ਸੰਪਰਕ ਵਿਚ ਆਉਣ ਦਾ ਕਾਰਨ ਇਹ ਹੈ ਕਿ ਇਹ ਦੋਵੇਂ ਧਰਮ ਨਾਲ ਸੰਬੰਧਿਤ-ਸਮੱਸਿਆਵਾਂ ਦਾ ਚਿੰਤਨ ਕਰਦੇ ਹਨ। ਧਰਮ ਦਾ ਫਲਸਫਾ ਸਮੁੱਚੀ ਹਕੀਕਤ ਦਾ ਗਿਆਨ ਪ੍ਰਾਪਤ ਕਰਨ ਅਤੇ ਇਸ ਦੀ ਵਿਆਖਿਆ ਦੇਣ ਦੀ ਕੋਸ਼ਿਸ਼ ਕਰਦਾ ਹੈ। ਜਦੋਂ ਇਹ ਯਤਨ, ਹਕੀਕਤ ਬਣ ਜਾਂਦਾ ਹੈ ਤਾਂ ਇਸ ਵਿਚ ਅਧਿਆਤਮਿਕ ਅੰਸ਼ ਰਲ ਜਾਂਦਾ ਹੈ। ਭਾਰਤ ਵਿਚ ਧਰਮ ਅਤੇ ਫਿਲਾਸਫੀ ਦਾ ਵਿਕਾਸ ਨਾਲ ਨਾਲ ਹੋਇਆ ਹੈ । ਫਿਲਾਸਫੀ ਦਾ ਮਕਸਦ ਸਿਰਫ ਬੌਧਿਕ ਗਿਆਨ ਹੀ ਨਹੀਂ ਅਤੇ ਨਾ ਹੀ ਇਸ ਦਾ ਉਦੇਸ਼ ਅਸਲੀਅਤ ਦਾ ਗਿਆਨ ਹੈ ਜਾਂ ਗਿਆਨ ਕੇਵਲ ਗਿਆਨ ਲਈ ਹੀ ਹੈ, ਸਗੋਂ ਇਹ ਇਸ ਗੱਲ ਵੱਲ ਰੁਚਿਤ ਹੈ ਕਿ ਅਸਲੀਅਤ ਦੇ ਗਿਆਨ ਦੀ ਮਨੁੱਖੀ ਹੋਂਦ ਲਈ ਕੀ ਸਾਰਥਿਕਤਾ ਹੈ? ਇਹ ਮਨੁੱਖਤਾ ਦੇ ਕਲਿਆਣ ਦੀ ਹਾਮੀ ਭਰਦਾ ਹੈ ਅਤੇ ਕਲਿਆਣ-ਕਰਤਾ ਦਾ ਦਰਵਾਜਾ ਖੋਲ੍ਹਦਾ ਹੈ।

ਪੱਛਮੀ ਗਿਆਨ ਵਿਗਿਆਨ ਵਿਚ ਭਾਵੇਂ ਫਲਸਫੇ, ਧਰਮ , ਦਰਸ਼ਨ ਅਤੇ ਧਰਮ -ਸ਼ਾਸ਼ਤਰ ਨੇ ਇਕ ਦੂਜੇ ਤੋਂ ਵਿਧੀ ਦਾ ਪ੍ਰਭਾਵ ਗ੍ਰਹਿਣ ਕੀਤਾ ਹੈ, ਪਰ ਫਿਰ ਵੀ ਇਹ ਇਕ ਦੂਜੇ ਤੋਂ ਸੁਤੰਤਰ ਤੇ ਨਿਖੜਵੇ ਂ ਵਿਸ਼ੇ ਹਨ। ਫਲਸਫੇ ਦੀ ਵਿਗਿਆਨ ਤੋਂ ਪ੍ਰਭਾਵਿਕਤਾ ਦਾ ਪਤਾ ਇਸ ਗੱਲ ਤੋਂ ਵੀ ਲੱਗਦਾ ਹੈ ਕਿ ਇਸ ਵਿਚ ਬੇਲਾਗਤਾ, ਨਿਰਪੱਖਤਾ ਤੇ ਵਿਸ਼ੇਸ਼ਣ ਵਰਗੇ ਰਵਈਏ ਆਏ ਹਨ। ਫਲਸਫੇ ਰਾਹੀਂ ਹੀ ਧਰਮ-ਦਰਸ਼ਨ ਨੇ ਵਿਗਿਆਨ ਚਿੰਤਨ ਦੀ ਭਾਵਨਾ ਅਪਣਾਈ ਹੈ।

ਦੋਹਾਂ ਦਾ ਸੰਪਰਕ ਬੁੱਧੀ ਦੀ ਵਰਤੋਂ ਦੇ ਪ੍ਰਕਰਣ ਨਾਲ ਹੁੰਦਾ ਹੈ। ਦੋਵੇਂ ਦਲੀਲ ਅਤੇ ਬੌਧਿਕਤਾ ਤੇ ਨਿਰਭਰ ਕਰਦੇ ਹਨ। ਫਿਰ ਵੀ ਇਹ ਦੋਵੇਂ ਇਕ ਦੂਜੇ ਨਾਲੋਂ ਵੱਖਰੇ ਹਨ । ਧਰਮ ਸ਼ਾਸ਼ਤਰੀਆਂ ਦੀ ਸ਼ਰਧਾ ਅਡੋਲ ਅਤੇ ਸ਼ੁੱਧ ਸ਼ਰਧਾ ਹੈ। ਇਸੇ ਲਈ ਉਹ ਦਖਲ-ਅੰਦਾਜ਼ੀ ਨਹੀਂ ਚਾਹੁੰਦੇ। ਸ਼ਾਸ਼ਤਰੀ ਰਚਨਾ ਵਿਚ ਤਾਂ ਧਰਮ ਸ਼ਾਸ਼ਤਰ ਦਾਰਸ਼ਨਿਕ ਹੈ ਪਰ ਬੁਨਿਆਦੀ ਤੌਰ ਤੇ ਗੈਰ-ਦਾਰਸ਼ਨਿਕ।

ਧਰਮ-ਦਰਸ਼ਨ ਮਨੌਤਾਂ ਵਗੈਰਾਂ ਦੀ ਪ੍ਰਵਾਹ ਨਹੀਂ ਕਰਦਾ ਤੇ ਨਾ ਹੀ ਇਹ ਵਿਸ਼ਵਾਸ਼ਾਂ ਜਾਂ ਸ਼ਰਧਾ ਆਦਿ ਪ੍ਰਤਿ ਬਹੁਤਾ ਸੰਜੀਦਾ ਹੈ।ਪਰ ਦਾਰਸ਼ਨਿਕ ਆਲੋਚਨਾ ਵਿੱਚ ਇਹ ਸਾਰਾ ਕੁਝ ਸਮੋਅ ਲੈਂਦਾ ਹੈ। ਧਰਮ ਸ਼ਾਸ਼ਤਰ ਵਿਚ ਮੁੱਢਲੀਆਂ ਮਨੌਤਾਂ ਨੂੰ ਨਾਲ ਲੈ ਕੇ ਚੱਲਿਆ ਜਾਂਦਾ ਹੈ ਪਰ ਧਰਮ ਦਰਸ਼ਨ ਵਿਚ ਇਹ ਬੰਧਨ ਜ਼ਰੂਰੀ ਨਹੀਂ। ਅਜੋਕੇ ਯੁੱਗ ਵਿਚ ਵਿਗਿਆਨ ਦੀ ਨਿਰਭਰਤਾ ਜ਼ਿਆਦਾਤਰ ਅਨੁਭਵ ਅਤੇ ਸੋਚ ਵਿਚਾਰ ਉਤੇ ਹੋਣ ਕਰਕੇ, ਅਨੁਭਵਵਾਦ ਅਤੇ ਵਿਵੇਕਵਾਦ ਹੀ ਪ੍ਰਵਾਣਿਤ ਹੈ। ਵਿਗਿਆਨ ਦੀ ਤਰ੍ਹਾਂ ਧਰਮ-ਦਰਸ਼ਨ ਵੀ ਵਿਗਿਆਨਕ ਢੰਗ ਅਪਣਾਉਂਦੇ ਹੋਏ, ਧਰਮ ਦੀ ਸਚਾਈ ਨੂੰ ਲੱਭਣ ਦਾ ਯਤਨ ਕਰਦਾ ਹੈ। ਪਰ ਧਰਮ ਸ਼ਾਸ਼ਤਰ ਨੂੰ ਅਜਿਹਾ ਕੋਈ ਬੰਧਨ ਨਹੀਂ ਹੈ। ਧਰਮ-ਫਲਸਫਾ ਬ੍ਰਹਿਮੰਡ ਅਤੇ ਬ੍ਰਹਮ ਦੀ ਸਚਾਈ ਅਤੇ ਇਸ ਦੀ ਬਣਤਰ ਨੂੰ ਸਮਝਣ ਦਾ ਯਤਨ ਕਰਦਾ ਹੈ। ਇਸ ਤੋਂ ਉਲਟ ਧਰਮ ਸ਼ਾਸ਼ਤਰ ਮੁਕਤੀ-ਮਾਰਗ ਬਾਰੇ ਸੋਝੀ ਕਰਵਾਉਂਦਾ ਹੈ। ਇਹ ਸਿਰਫ ਸਮਝਣ-ਸਮਝਾਉਣ ਵੱਲ ਹੀ ਰੁਚਿਤ ਨਹੀਂ ਸਗੋਂ ਠੋਸ ਸਿੱਟਿਆਂ ਤੱਕ ਅਪੜਨ ਦੀ ਕੋਸ਼ਿਸ਼ ਵੀ ਕਰਦਾ ਹੈ। ਇਹ ਆਦਮੀ ਦੇ ਸੁੱਖਾਂ-ਦੁੱਖਾਂ, ਕਲੇਸ਼ਾਂ ,ਉਮੰਗਾਂ, ਰੀਝਾਂ,

ਟੀਚਿਆਂ ਅਤੇ ਭਾਵਨਾਵਾਂ ਬਾਰੇ ਗੱਲਾਂ ਵੀ ਕਰਦਾ ਹੈ । ਧਰਮ ਦਾ ਫਲਸਫਾ ਅਤੇ ਧਰਮ ਸ਼ਾਸ਼ਤਰ ਦੋਵੇਂ ਮਨੁੱਖ ਨਾਲ ਸੰਬੰਧਤ ਹੋਣ ਕਰਕੇ ਇਕ ਦੂਜੇ ਦੀ ਸਮਾਨੰਤਰਤਾ ਵਿਚ ਨਹੀਂ ਹਨ। ਇਨ੍ਹਾਂ ਦੋਹਾਂ ਨੂੰ ਜਿਸ ਮਾਤਰਾ ਵਿਚ ਸਮਸੁਰ ਕਰ ਲਿਆ ਜਾਵੇ, ਉਸ ਮਾਤਰਾ ਵਿਚ ਹੀ ਇਹ ਦੋਵੇਂ ਧਰਮ ਨਾਲ ਜੁੜੇ ਹੋਣ ਦਾ ਸਬੂਤ ਸਮਝੇ ਜਾ ਸਕਦੇ ਹਨ।

ਇਸ ਬਾਰੇ ਹੋਈ ਚਰਚਾ ਤੋਂ ਸਿੱਟਾ ਇਹ ਕੱਢਿਆ ਜਾ ਸਕਦਾ ਹੈ ਕਿ ਪਿਛੇ ਕੀਤੀ ਵਿਆਖਿਆ ਤੋਂ ਸਪਸ਼ਟ ਹੋ ਗਿਆ ਹੈ ਕਿ ਧਰਮ ਕੇਵਲ ਨਿਰੋਲ ਕਲਪਨਾ ਨਹੀਂ ਹੈ ਸਗੋਂ ਅਜਿਹਾ ਸਤਿ ਹੈ ਜਿਸ ਦੀ ਇਨਸਾਨੀਅਤ ਨੂੰ ਵਿਕਾਸ ਵਲ ਲੈ ਜਾਣ ਵਾਸਤੇ ਮੁੱਖ ਭੂਮਿਕਾ ਰਹੀ ਹੈ, ਅੱਜ ਵੀ ਹੈ ਅਤੇ ਅੱਗੋਂ ਵੀ ਰਹਿਣੀ ਹੈ।

## ਧਰਮ ਅਤੇ ਸਮਾਜ ਵਿਗਿਆਨ (Religion and Sociology)

ਮਨੁੱਖ ਇਕ ਸਮਾਜਕ ਜੀਵ ਹੈ। ਉਸ ਨੇ ਸਮਾਜ ਵਿਚ ਦੂਸਰੇ ਮਨੁੱਖਾਂ ਦੇ ਸਾਥ ਵਿਚ ਵਿਚਰਨਾ ਹੁੰਦਾ ਹੈ। ਉਸ ਦਾ ਦੁੱਖ-ਸੁੱਖ, ਉਸ ਦੀਆਂ ਸਮੱਸਿਆਵਾਂ ਤੇ ਪ੍ਰਾਪਤੀਆਂ ਸਭ ਕੁਝ ਉਸ ਦੇ ਸਮਾਜਿਕ ਜੀਵਨ ਦਾ ਇਕ ਅਨਿੱਖੜਵਾਂ ਅੰਗ ਹਨ। ਆਦਿਵਾਸੀ ਮਨੁੱਖ ਦੇ ਅਸਭਿਆ ਅਤੇ ਅਵਿਕਸਿਤ ਜੀਵਨ ਤੋਂ ਲੈ ਕੇ ਅੱਜ ਦੇ ਮਨੁੱਖ ਦੇ ਆਧੁਨਿਕ ਅਤੇ ਵਿਕਸਿਤ ਜੀਵਨ ਤੀਕ ਦਾ ਸਫਰ ਇਕ ਤਰ੍ਹਾਂ ਨਾਲ ਮਨੁੱਖੀ ਸਮਾਜ ਦਾ ਹੀ ਇਤਿਹਾਸ ਹੈ। ਇਸ ਸਾਰੇ ਅਰਸੇ ਦੌਰਾਨ ਮਨੁੱਖ ਬੌਧਿਕ ਅਤੇ ਪਦਾਰਥਕ ਦੋਹਾਂ ਪੱਖਾਂ ਤੋਂ ਹੀ ਵਿਕਸਿਤ ਹੋਇਆ ਹੈ। ਮਨੁੱਖ ਦੇ ਬੋਧਿਕ ਵਿਕਾਸ ਨੇ ਜਿਥੇ ਮਨੁੱਖੀ ਜੀਵਨ ਵਿਚ ਹੋਰ ਅਨੇਕਾਂ ਸਭਿਆਚਾਰਕ ਤਬਦੀਲੀਆਂ ਲਿਆਂਦੀਆਂ ਉਥੇ ਉਸ ਦੀ ਧਰਮ ਦੀ ਸਮਝ ਨੂੰ ਵੀ ਪ੍ਰਭਾਵਤ ਕੀਤਾ। ਸ਼ਾਇਦ ਇਹੋ ਕਾਰਨ ਹੈ ਕਿ ਮਨੁੱਖ ਨੇ ਵੱਖਰੇ ਵੱਖਰੇ ਯੁੱਗਾਂ ਵਿਚ ਧਰਮ ਦੀ ਪਰਿਭਾਸ਼ਾ ਵੀ ਕੁਝ ਵੱਖ ਵੱਖ ਹੀ ਕੀਤੀ ਹੈ। ਧਰਮ ਅਤੇ ਸਮਾਜ ਦੇ ਪ੍ਰਸਪਰ ਸੰਬੰਧਾਂ ਨੂੰ ਮਨੁੱਖ ਦਾ ਬੋਧਿਕ ਵਿਕਾਸ ਸਮੇਂ ਸਮੇਂ ਪ੍ਰਭਾਵਿਤ ਕਰਦਾ ਰਿਹਾ ਹੈ।

ਧਰਮ ਦੀ ਪਰਿਭਾਸ਼ਾ ਦੇ ਵਿਸ਼ੇ ਤੇ ਗੱਲ ਕਰਦਿਆਂ ਅਸੀਂ ਵੇਖਿਆ ਸੀ ਕਿ ਮੁੱਖ ਤੌਰ ਤੇ ਵਿਦਵਾਨਾਂ ਨੇ ਧਰਮ ਦੀਆਂ ਪਰਿਭਾਸ਼ਾਵਾਂ ਨੂੰ ਤਿੰਨ ਅਲੱਗ ਅਲੱਗ ਸ਼੍ਰੇਣੀਆਂ ਵਿਚ ਵੰਡਿਆ ਹੈ। ਇਕ ਸ਼੍ਰੇਣੀ ਤਾਂ ਉਨਾਂ ਵਿਦਵਾਨਾਂ ਅਤੇ ਧਰਮ ਅਚਾਰੀਆਂ ਦੀ ਹੈ ਜਿਹੜੇ ਧਰਮ ਨੂੰ ਮਨੁੱਖ ਦੇ ਇਕ ਪਰਾ-ਕੁਦਰਤੀ (super natural) ਪਰਮ-ਸਤਾ ਨਾਲ ਸੰਬੰਧਾਂ ਤੀਕ ਹੀ ਸੀਮਿਤ ਰਖਦੇ ਹਨ। ਧਰਮ ਦੀ ਇਹ ਪਰਿਭਾਸ਼ਾ ਆਤਮਾ ਤੇ ਪਰਮਾਤਮਾ ਦੀਆਂ ਗੱਲ ਤਾ ਕਰਦੀ ਹੈ, ਪਰੰਤੂ ਇਹ ਧਰਮ ਦਾ ਲਕਸ਼ ਮੌਤ ਤੋਂ ਬਾਅਦ ਦੇ ਅਗਲੇ ਜੀਵਨ ਨੂੰ ਰੱਖਦੀ ਹੈ। ਇਸ ਦਾ ਮਨੁੱਖ ਦੇ ਇਸ ਜੀਵਨ, ਇਸ ਸਮਾਜ ਨਾਲ ਕੋਈ ਸੰਬੰਧ ਨਹੀਂ ਹੁੰਦਾ। ਇਸ ਦੇ ਐਨ ਉਲਟ ਦੂਜੀ ਸ਼੍ਰੇਣੀ ਦੇ ਖੱਬੇ-ਪੱਖੀ ਵਿਚਾਰਕਾਂ ਅਨੁਸਾਰ, "ਸਮਾਜ ਸੇਵਾ, ਭਰਾਤਰੀਵਭਾਵ ਅਤੇ ਮਾਨਵਵਾਦ ਵਰਗੇ ਸਦਾਚਾਰਕ ਗੁਣਾਂ ਨੂੰ ਪ੍ਰਫੁਲਤ ਕਰਨਾ ਹੀ ਧਰਮ ਹੈ", (See John Eric Nordshog, Social change, p.288)। ਜੇ ਪਹਿਲੀ ਸ਼੍ਰੇਣੀ ਧਰਮ ਨੂੰ ਸਿਰਫ ਰੀਤਾਂ-ਰਸਮਾਂ ਤੋਂ ਅਗਾਂਹ ਨਹੀਂ ਸੀ ਲਿਜਾਂਦੀ ਤਾਂ ਇਹ ਵਿਦਵਾਨ ਧਰਮ ਨੂੰ "ਮਨੁੱਖ ਦੁਆਰਾ ਆਪਣੇ ਚੌਗਿਰਦੇ ਆਪਣੇ ਬ੍ਰਹਿਮੰਡ ਨਾਲ adjust ਕਰ ਸਕਣ ਦਾ ਇਕ ਸਾਧਨ ਹੈ" ਹੀ ਸਮਝਦੇ ਹਨ (ਉਹੀ, ਪੰਨਾ 292)। ਧਰਮ ਦਾ ਲਕਸ਼ ਨਾ ਤਾਂ ਸਿਰਫ ਅਧਿਆਤਮਕਤਾ ਹੈ ਅਤੇ ਨਾ ਹੀ ਸਿਰਫ ਪਦਾਰਥਕਤਾ। ਆਧੁਨਿਕ ਭਾਵ ਵਿਚ ਧਰਮ ਉਸ ਦੇ ਸਮਾਜਿਕ ਪਰਿਪੇਖ ਵਿਚ ਰੱਖ ਕੇ ਹੀ ਵਿਚਾਰਿਆ ਗਿਆ ਹੈ। ਇਸ ਲਈ ਇਸ ਤੀਜੀ ਸ਼੍ਰੇਣੀ ਦੇ ਵਿਦਵਾਨਾ ਨੇ ਧਰਮ ਨੂੰ ਮਨੁੱਖੀ ਜੀਵਨ ਦੇ ਅੰਦਰੂਨੀ (ਅਧਿਆਤਮਕ) ਅਤੇ ਬਾਹਰੀ (ਪਦਾਰਥਕ) ਦੋਵਾਂ ਪੱਖਾਂ ਨੂੰ ਸਾਵਾਂ ਰਖਣ ਦਾ ਸਾਧਨ ਮੰਨਿਆ ਹੈ।

ਜੇ ਧਰਮ ਨੂੰ ਸਿਰਫ ਭਾਰਤੀ ਧਰਮਾਂ ਦੇ ਇਤਿਹਾਸ ਦੇ ਸੰਦਰਭ ਵਿਚ ਹੀ ਵੇਖੀਏ ਤਾਂ ਸਾਨੂੰ ਪਤਾ ਲਗਦਾ

ਹੈ ਕਿ ਪੁਰਾਤਨ ਅਤੇ ਮਧਕਾਲੀਨ ਯੁੱਗ ਵਿਚ ਮਨੁੱਖ ਦੀ ਧਰਮ ਦੀ ਸਮਝ ਪਹਿਲੀ ਸ਼੍ਰੇਣੀ ਵਾਲੀ ਹੀ ਸੀ। ਆਧੁਨਿਕ ਕਾਲ ਨੇ ਬਾਕੀ ਦੋ ਕਿਸਮ ਦੀਆਂ ਪਰਿਭਾਸ਼ਾਵਾਂ ਨੂੰ ਜਨਮ ਦਿੱਤਾ। ਇਕ ਉਲਾਰ ਅਤੇ ਇਕ ਪਾਸੜ ਹੈ ਜਦੋਂ ਕਿ ਦੂਜੀ ਵਧੇਰੇ ਸਾਰਥਕ (rational) ਅਤੇ ਅਸਲੀਅਤ ਦੇ ਨੇੜੇ ਜਾਪਦੀ ਹੈ। ਧਰਮ ਦੀ ਪਰਿਭਾਸ਼ਾ ਕੋਈ ਵੀ ਹੋਵੇ, ਇਕ ਗੱਲ ਜੋ ਉਘੜ ਕੇ ਸਾਹਮਣੇ ਆਉਂਦੀ ਹੈ ਉਹ ਇਹ ਹੈ ਕਿ ਮਨੁੱਖ ਨੇ ਹਮੇਸ਼ਾਂ ਹੀ ਧਰਮ ਦੇ ਸਮਾਜ ਨਾਲ ਪ੍ਰਸਪਰ ਸੰਬੰਧਾਂ ਦੀ ਗੱਲ ਕੀਤੀ ਹੈ – ਭਾਵੇਂ ਇਹ ਗੱਲ ਧਰਮ ਨੂੰ ਸਮਾਜ ਤੋਂ ਅਲੱਗ ਕਰਨ ਦੀ ਹੋਵੇ ਤੇ ਭਾਵੇਂ ਸਮਾਜ ਨਾਲ ਜੋੜਨ ਦੀ।

ਭਾਰਤੀ ਧਰਮਾਂ ਦੇ ਇਤਿਹਾਸ ਵਿਚ ਵੇਦ ਸਭ ਤੋਂ ਪੁਰਾਣਾ ਧਾਰਮਿਕ ਸਾਹਿਤ ਹੈ। ਵੈਦਿਕ ਵਿਚਾਰਧਾਰਾ ਅਨੁਸਾਰ ਇਹ ਜਗਤ, ਇਹ ਬ੍ਰਹਿਮੰਡ ਸਭ ਮਾਇਆ ਹੈ :ਯਥਾਰਥ ਨਹੀਂ।ਸਾਂਖਯ ਸਕੂਲ (ਦਵੈਤਵਾਦ) ਅਨੁਸਾਰ 'ਪੁਰਸ਼' ਅਤੇ 'ਪ੍ਰਾਕ੍ਰਿਤੀ' ਵਿਚਕਾਰ ਪਰਸਪਰ ਦਵੰਦ ਹਮੇਸ਼ਾਂ ਕਾਇਮ ਰਹਿੰਦਾ ਹੈ। ਸ਼ੰਕਰਾਚਾਰੀਆ ਦੇ ਅਦਵੈਤ ਵੇਦਾਂਤ ਅਨੁਸਾਰ ਸਿਰਫ ਬ੍ਰਹਮ ਹੀ ਇਕ ਸਚਾਈ ਹੈ। ਬਾਕੀ ਸਭ ਵਿਖਾਵਾ ਹੈ ਹਾਂ, ਉਹ ਇਸ ਬਾਹਰੀ ਜਗਤ ਨੂੰ ਬਿਲਕੁਲ ਹੀ ਅਯਥਾਰਥ (unreal) ਨਹੀਂ ਮੰਨਦੀ। ਸ਼ੰਕਰ ਆਪਣੇ ਇਸ ਵਿਚਾਰ ਦੀ ਵਿਆਖਿਆ ਹਿਤ ਰੱਸੀ ਵਿਚ ਵਿਦਮਾਨ ਸੱਪ ਦੇ ਭੁਲੇਖੇ ਵਾਲੀ ਉਦਾਹਰਣ ਦਿੰਦਾ ਹੈ। ਰੱਸੀ ਨੂੰ ਸੱਪ ਸਮਝ ਬੈਠਦੇ ਹਾਂ। ਇਹ ਸਾਡੀ ਅਗਿਆਨਤਾ ਵਸ ਹੈ।

ਵਸ਼ਿਸ਼ਟ ਅਦਵੈਤਵਾਦ ਦਾ ਹਾਮੀ ਰਾਮਾਨੁਜ ਵੀ ਇਸ ਜਗਤ ਦੀ ਜੜ੍ਹ ਅਤੇ ਜੀਵ ਤੱਤਾ ਦੀ ਹੋਂਦ ਨੂੰ ਬ੍ਰਹਮ ਤੋਂ ਵੱਖਰਾ ਹੀ ਮੰਨਦਾ ਹੈ । ਵੇਦਾਂਤ ਤੇ ਲਗਪਗ ਸਾਰੇ ਹੀ ਸਕੂਲ ਇਕ ਗੱਲ ਉੱਪਰ ਸਹਿਮਤ ਹਨ ਕਿ ਇਹ ਜਗਤ ਮਾਇਆ ਹੈ, ਇਸ ਜਗਤ ਦੀ ਬੇਹਤਰੀ ਹਿੱਤ ਯਤਨ ਕਰਨਾ ਮਨੁੱਖ ਦੇ ਧਾਰਮਿਕ ਕਰਤੱਵਾਂ ਵਿਚ ਸ਼ਾਮਲ ਨਹੀਂ। ਇਸ ਦੇ ਉਲਟ ਇਹ ਵੇਦਾਂਤਕ ਵਿਚਾਰਧਾਰਾ ਤਾਂ ਮਨੁੱਖ ਨੂੰ ਇਸ ਸੰਸਾਰ ਤੋਂ ਵਿਰਕਤ ਹੋਣ, ਸੰਨਿਆਸ ਦੀ ਸਲਾਹ ਦਿੰਦੀ ਹੈ।

ਵੇਦਾਂ ਤੋਂ ਪਹਿਲਾਂ ਜਾਂ ਇੰਝ ਕਹਿ ਲਈਏ ਕਿ ਆਰੀਆ ਲੋਕਾਂ ਦੇ ਭਾਰਤ ਵਿਚ ਆਉਣ ਤੋਂ ਵੀ ਪਹਿਲਾਂ, ਇਥੇ ਦੀ ਧਾਰਮਿਕ ਵਿਚਾਰਧਾਰਾ ਕਾਫੀ ਵਿਕਸਿਤ ਸੀ। ਸਭ ਤੋਂ ਪਹਿਲੇ ਵੇਦ, ਰਿਗਵੇਦ ਵਿਚ ਕਈ ਸ੍ਰਮਣਿਕ ਮੁਨੀਆਂ ਦਾ ਜ਼ਿਕਰ ਮਿਲਦਾ ਹੈ। ਕੁਝ ਜੈਨ ਵਿਦਵਾਨ ਤਾਂ ਰਿਗਵੇਦ ਵਿਚ ਵਰਣਿਤ ਰਿਸ਼ਬ ਨਾਂ ਦੇ ਮੁਨੀ ਨੂੰ ਆਪਣਾ ਪਹਿਲਾ ਤੀਰਥਾਂਕਰ ਹੀ ਮੰਨਦੇ ਹਨ। ਇਥੇ ਅਸੀਂ ਇਸ ਵਾਦ-ਵਿਵਾਦ ਵਿਚ ਨਹੀਂ ਜਾਂਦੇ ਕਿ ਜੈਨ ਧਰਮ ਵੈਦਿਕ ਧਰਮ ਤੋਂ ਪੁਰਾਣਾ ਹੈ ਕਿ ਨਹੀਂ, ਹਾਂ ਇਸ ਗੱਲ ਵਿਚ ਕੋਈ ਸ਼ੱਕ ਨਹੀਂ ਕਿ ਜੈਨ ਤੇ ਬੁੱਧ ਮੱਤ ਪੂਰਵ ਵੈਦਿਕ ਕਾਲ ਦੀ ਸ੍ਰਮਣਿਕ ਪਰੰਪਰਾ ਦੀ ਹੀ ਲੜੀ ਹਨ।ਇਹ ਮੱਤ ਵੀ ਇਸ ਦ੍ਰਿਸ਼ਟੀਮਾਨ ਜਗਤ ਨੂੰ ਅਸਲੀਅਤ ਨਹੀਂ ਮੰਨਦੇ। ਇਨ੍ਹਾਂ ਅਨੁਸਾਰ ਇਹ ਸੰਸਾਰ ਦੁੱਖਾਂ ਦਾ ਘਰ ਹੈ। ਇਸ ਸੰਸਾਰ ਵਿਚ ਬਿਤਾਇਆ ਪਰਿਵਾਰਕ ਜੀਵਨ ਮਨੁੱਖ ਦੀ ਅਧਿਆਤਮਕ ਪ੍ਰਗਤੀ ਦੇ ਰਾਹ ਵਿਚ ਇਕ ਵੱਡੀ ਰੁਕਾਵਟ ਹੈ। ਮਨੁੱਖ ਦੁਆਰਾ ਕੀਤੇ ਗਏ ਸਾਰੇ ਕ੍ਰਮ, ਚੰਗੇ ਵੀ ਅਤੇ ਮੰਦੇ ਵੀ, ਆਤਮਾ ਉਪਰ ਆਪਣਾ ਪ੍ਰਭਾਵ ਛੱਡ ਜਾਂਦੇ ਹਨ। ਸਰੀਰ ਆਤਮਾ ਲਈ ਇਕ ਪਿੰਜਰੇ ਦੀ ਨਿਆਂਈ ਹੈ ਨਾ ਕਿ ਉਸ ਦੀ ਉਚਤਾ ਜਾਂ ਅੰਤਿਮ ਨਿਰਵਾਨ ਹਿਤ ਇਕ ਸਾਧਨ ਵਾਂਗ। ਆਤਮਾ ਉਪਰ ਲਗਾਤਾਰ ਪੈਂਦੇ ਕਰਮਾਂ ਦੇ ਪ੍ਰਭਾਵ ਨੂੰ ਖਤਮ ਕਰਨ ਹਿਤ ਉਹ ਕਠਿਨ ਤੱਪ ਆਦਿ ਕਰਦੇ ਹਨ। ਬੁੱਧ ਧਰਮ ਅੰਦਰ ਭਾਵੇਂ ਬੋਧੀਸਤਵ ਦਾ ਇਕ ਅਜਿਹਾ ਸੰਕਲਪ ਹੈ ਜਿਹੜਾ ਬਾਕੀ ਮਾਨਵਤਾ ਦੇ ਨਿਰਵਾਣ ਹਿੱਤ ਆਪਣਾ ਨਿਰਵਾਣ ਅੱਗੇ ਪਾ ਦਿੰਦਾ ਹੈ। ਸਾਥੀ ਮਾਨਵਤਾ ਪ੍ਰਤੀ ਲਗਾਓ (concern) ਦੀ ਇਹ ਭਾਵਨਾ ਬੋਧੀਸੱਤਵ ਦੀ ਸਮਾਜ ਜਾਂ ਮਾਨਵਤਾ ਪ੍ਰਤੀ ਜ਼ਿੰਮੇਵਾਰੀ ਵਲ ਸੰਕੇਤ ਹੈ। ਬੋਧੀਸੱਤਵ ਖੁਦ ਸੰਨਿਆਸੀ ਹੈ ਅਤੇ ਉਸ ਦਾ ਆਪਣਾ ਕੋਈ ਸਮਾਜਿਕ ਜੀਵਨ ਨਹੀਂ। ਜੈਨ ਮੱਤ ਦੇ ਅਰਿਹੰਤ ਬਾਰੇ ਵੀ ਇਹੋ ਕਿਹਾ ਜਾ ਸਕਦਾ ਹੈ। ਸ਼੍ਰਮਿਣਿਕ ਪਰੰਪਰਾ ਦੇ ਮੁਨੀ ਨਿਜੀ ਆਤਮਿਕ ਉੱਚਤਾ ਪ੍ਰਾਪਤ ਕਰਨ ਹਿਤ ਤਾਂ ਸਦਾ ਯਤਨਸ਼ੀਲ ਰਹਿੰਦੇ ਸਨ ਸਮਾਜ ਜਾਂ ਆਮ ਮਾਨਵਤਾ ਦੀ ਭਲਾਈ ਹਿਤ ਉਨ੍ਹਾਂ ਅੰਦਰ ਕੋਈ ਦਿਲਚਸਪੀ ਨਹੀਂ ਸੀ ਹੁੰਦੀ।

ਇਸਲਾਮ, ਵੇਦਾਂਤਿਕ ਅਤੇ ਸ਼੍ਰਮਣਿਕ ਪਰੰਪਰਾ ਦੇ ਉਲਟ, ਇਸ ਸੰਸਾਰ ਨੂੰ ਮਿਥਿਆ (ਮਾਇਆ) ਨਹੀਂ ਮੰਨਦਾ। ਪ੍ਰਸਿਧ ਵਿਦਵਾਨ ਅਬਦੁਲ ਹਕ ਅਨਸਾਰੀ ਅਨੁਸਾਰ ਕੁਰਾਨ ਸਿਰਫ ਅਧਿਆਤਮਕ ਮੰਤਰ-ਜੁਗਤ ਦਾ ਸੰਗ੍ਰਹਿ ਨਹੀਂ ਬਲਕਿ ਇਸ ਵਿਚ ਸਮੁੱਚੇ ਜੀਵਨ (ਦੇਹ ਅਤੇ ਰੂਹ ਸਮੇਤ) ਨੂੰ ਮੁੜ ਉਸਾਰਨ ਦਾ ਪ੍ਰੋਗਰਾਮ ਅਤੇ ਸੁਨੇਹਾ ਹੈ ਜਿਹੜਾ ਪਹਿਲਾਂ ਇਕ ਕੌਮ ਨੂੰ ਦਿੱਤਾ ਗਿਆ ਕਿ ਪਹਿਲਾਂ ਉਹ ਇਸ ਨੂੰ ਆਪਣੀ ਜ਼ਿੰਦਗੀ ਵਿਚ ਅਪਣਾ ਲਵੇ ਅਤੇ ਫੇਰ ਇਸ ਨੂੰ ਦੂਸਰਿਆਂ ਤਕ ਵੀ ਪਹੁੰਚਾਵੇ (see Abdul Haq Ansari in 'Islam' pp. 11-12)। ਇਸਲਾਮ ਸਮੁੱਚੀ ਕਾਇਨਾਤ ਨੂੰ ਉਸ ਕਾਦਿਰ ਦੀ ਕਿਰਤ ਮੰਨਦਾ ਹੈ ਅਤੇ ਉਸ ਕਾਦਿਰ ਨੂੰ ਕੁਦਰਤ ਵਿਚ ਵਿਦਮਾਨ ਵੇਖਦਾ ਹੈ। ਪੈਗੰਬਰ ਮੁਹੰਮਦ ਅਤੇ ਉਸ ਦੇ ਜਾਨਸ਼ੀਨਾਂ ਨੇ ਦੁਨਿਆਵੀ ਜ਼ਿੰਦਗੀ ਤੋਂ ਕਿਨਾਰਾ ਨਹੀਂ ਕੀਤਾ ਸਗੋਂ ਉਨ੍ਹਾਂ ਨੇ ਆਪਣੀਆਂ ਪਰਿਵਾਰਕ ਤੇ ਸਮਾਜਕ ਜ਼ਿੰਮੇਵਾਰੀਆਂ ਨੂੰ ਆਪਣੇ ਅਧਿਆਤਮਕ, ਫਰਜ਼ ਦੇ ਨਾਲ ਨਾਲ ਨਿਭਾਇਆ। ਇਸਲਾਮ ਨੇ ਮਨੁੱਖ ਦੀ ਆਤਮਿਕ ਤੇ ਨੈਤਿਕ ਉਨਤੀ ਦੇ ਨਾਲ ਨਾਲ ਸਮਾਜ ਦੀ ਬੇਹਤਰੀ ਨੂੰ ਵੀ ਜੋੜਿਆ ਹੈ। ਧਰਮ ਅਤੇ ਸਮਾਜ ਦੀ ਪ੍ਰਸਪਰ ਨੇੜਤਾ ਦੇ ਅਹਿਸਾਸ ਕਾਰਨ ਹੀ ਇਸਲਾਮ ਨੇ ਰਾਜਾ ਅਤੇ ਕਾਜ਼ੀ ਦੀ ਪਦਵੀ ਇਕੋ ਵਿਅਕਤੀ ਨੂੰ ਦਿੱਤੀ। ਉਦੇਸ਼ ਸਮੁੱਚੀ ਸਮਾਜਕ ਅਤੇ ਵਿਵਹਾਰਕ ਜ਼ਿੰਦਗੀ ਨੂੰ ਨੈਤਿਕ ਤੇ ਸਦਾਚਾਰਕ ਪੱਖੋਂ ਉਚਾ ਚੁਕਣਾ ਸੀ। ਭਾਵੇਂ ਭਾਰਤ ਵਿਚ ਸੱਚੇ ਇਸਲਾਮ ਦਾ ਆਦਰਸ਼ਕ ਸਮਾਜ ਦਾ ਸੁਪਨਾ ਸਾਕਾਰ ਨਾ ਹੋ ਸਕਿਆ ਫਿਰ ਵੀ ਇਸ ਗੱਲ ਵਿਚ ਕੋਈ ਸ਼ੱਕ ਨਹੀਂ ਕਿ ਇਸਲਾਮ ਅਨੁਸਾਰ ਸਮਾਜ/ ਸੰਸਾਰ ਇਕ ਸਚਾਈ ਹੈ ਅਤੇ ਧਰਮ ਦਾ ਫਰਜ਼ ਹੈ ਕਿ ਉਹ ਇਸ ਸੰਸਾਰ ਦੀ ਉਨੱਤੀ, ਆਤਮਿਕ ਵੀ ਤੇ ਭੌਤਿਕ ਵੀ, ਲਈ ਪ੍ਰਯਤਨ ਕਰੇ।

ਧਾਰਮਿਕ ਚੇਤਨਾ ਦੇ ਪੱਖ ਤੋਂ ਸਿੱਖ ਧਰਮ ਸਭ ਤੋਂ ਉੱਚੀ ਪੌੜੀ ਕਹੀ ਜਾ ਸਕਦਾ ਹੈ। ਸਿੱਖ ਗੁਰੂ ਸਾਹਿਬਾਨ ਨੇ ਇਸ ਜਗਤ ਨੂੰ 'ਸਚੇ' ਦੀ ਕੋਠੜੀ ਕਿਹਾ ਹੈ ਜਿਸ ਵਿਚ ਸੱਚਾ ਪ੍ਰਮਾਤਮਾ ਆਪ ਵਾਸ ਕਰਦਾ ਹੈ। ਪ੍ਰਮਾਤਮਾ ਦੁਆਰਾ ਸਿਰਜੇ ਸਭ ਖੰਡ, ਬ੍ਰਹਿਮੰਡ ਸੱਚੇ ਹਨ - ਭਾਵ ਮਾਇਆ , ਮਿਥਿਆ ਨਹੀਂ : ਇਹ ਜਗਤ ਇਕ ਪਾਠਸ਼ਾਲਾ ਦੀ ਨਿਆਈ ਹੈ ਜਿਸ ਵਿਚੋਂ ਮਨੁੱਖ ਨੇ ਬਹੁਤ ਕੁਝ ਗ੍ਰਹਿਣ ਕਰਨਾ ਹੁੰਦਾ ਹੈ। ਇਹ ਮਾਨਵ ਜਾਤੀ ਲਈ ਇਕ ਕਰਮ ਖੇਤਰ ਹੈ ਜਿਥੇ ਰਹਿ ਕੇ, ਸ਼ੁਭ ਕੰਮ ਕਰਕੇ ਮਨੁੱਖ ਨੇ ਆਪਣੇ ਅਤੇ ਬਾਕੀ ਸਮਾਜ ਦੀ ਭਲਾਈ ਹਿਤ ਯੋਗਦਾਨ ਪਾਉਣਾ ਹੁੰਦਾ ਹੈ। ਸ਼੍ਰਮਣਿਕ ਪਰੰਪਰਾ ਦੀ ਤਰ੍ਹਾਂ ਕਰਮਾਂ ਤੋਂ ਗੁਰੇਜ਼ ਨਹੀਂ, ਬਲਕਿ ਇਥੇ ਸ਼ੁਭ ਕਰਮਨ ਤੋਂ ਕਦੇ ਵੀ ਨਾ ਟਲਣ ਦਾ ਉਪਦੇਸ਼ ਹੈ। ਸਿੱਖ ਧਰਮ ਵਿਚ ਇਸ ਦ੍ਰਿਸ਼ਟੀਮਾਨ ਜਗਤ ਅਤੇ ਧਰਮ ਦਾ ਪ੍ਰਸਪਰ ਸੰਬੰਧ ਇਸ ਗੱਲ ਤੋਂ ਸਪੱਸ਼ਟ ਹੈ ਕਿ ਜਿਸ ਦੁਨੀਆਂ ਵਿਚੋਂ ਇਹ ਉਪਜਦਾ ਹੈ ਸਮਾਜ ਦੀ ਉਨੱਤੀ ਅਤੇ ਬੇਹਤਰੀ ਲਈ ਇਕ ਸਾਧਨ ਵੀ ਬਣਦਾ ਹੈ।

ਧਰਮ ਅਤੇ ਸਮਾਜ ਦੇ ਪਰਸਪਰ ਸੰਬੰਧਾਂ ਦੀ ਨੇੜਤਾ ਦੇ ਅਹਿਸਾਸ ਨੂੰ ਮੁੱਖ ਰੱਖ ਕੇ ਹੀ ਆਧੁਨਿਕ ਯੁਗ ਦੇ ਧਰਮ-ਸ਼ਾਸਤ੍ਰੀਆਂ (theologians) ਦਾ ਇਕ ਸਕੂਲ ਧਰਮ ਨੂੰ ਸਮਾਜ ਦੇ ਪਰਿਪੇਖ ਵਿਚ ਰਖੇ ਬਿਨਾ ਵਾਚਣ ਤੋਂ ਇਨਕਾਰੀ ਹੈ। ਵਿਦਵਾਨਾਂ (Gustavo Gutierrez) ਅਨੁਸਾਰ ਤਾ ਧਰਮ ਨੂੰ ਜਾਦੂ-ਟੂਣੇ, ਭੂਤ-ਪ੍ਰੇਤ, ਵਹਿਮਾਂ ਜਾਂ ਰਸਮ-ਰਿਵਾਜਾਂ ਤੀਕ ਹੀ ਸੀਮਤ ਰਖਣਾ ਇਕ ਗਲਤ ਧਾਰਨਾ (misconception) ਹੈ। ਧਰਮ ਦੇ ਅਜਿਹੇ ਸਰੂਪ ਦੀ ਹੀ ਕਾਰਲ ਮਾਰਕਸ ਵਰਗੇ ਭੌਤਿਕ ਵਿਗਿਆਨੀ ਮਾਨਵਤਾ ਲਈ ਅਫੀਮ ਦੀ ਨਿਆਈ ਕਹਿ ਕੇ ਨਿੰਦਾ ਕਰਦੇ ਹਨ। ਅਸਲ ਵਿਚ ਧਰਮ ਦਾ ਸੰਬੰਧ ਮਨੁੱਖੀ ਜੀਵਨ ਦੇ ਅਧਿਆਤਮਕ ਤੇ ਪਦਾਰਥਕ ਦੋਹਾਂ ਪਹਿਲੂਆਂ ਨਾਲ ਹੈ। ਮਨੁੱਖ ਲਈ ਜਿੰਨਾਂ ਅਹਿਮ ਪਹਿਲਾ ਪਹਿਲੂ ਹੈ, ਉਨ੍ਹਾਂ ਹੀ ਮਹੱਤਵਪੂਰਨ ਹੈ ਉਸ ਦਾ ਸਮਾਜਕ ਜ਼ਿੰਮੇਵਾਰੀਆਂ ਦਾ ਨਿਰਬਾਹ। ਮਨੁੱਖੀ ਦੇਹ ਉਸ ਦੀ ਆਤਮਾ ਲਈ ਸਿਰਫ ਇਕ ਰਿਹਾਇਸ਼ਗਾਹ ਹੀ ਨਹੀਂ, ਬਲਕਿ ਉਸ ਦੀ ਪ੍ਰਗਤੀ ਦਾ ਇਕ ਸਾਧਨ ਵੀ ਹੈ। ਪਦਾਰਥਕ ਪ੍ਰਾਪਤੀ ਅਤੇ ਖੁਸ਼ੀ ਵੀ ਇਕ ਪਵਿੱਤਰ ਅਹਿਸਾਸ ਹੈ, ਭਾਂਵੇਂ ਇਹ ਮਾਨਵੀ ਜੀਵਨ ਦਾ ਅੰਤਮ ਲਕਸ਼ ਨਹੀਂ। ਮਨੁੱਖ ਦੀਆਂ ਆਤਮਿਕ ਤੇ ਅਧਿਆਤਮਿਕ

ਪ੍ਰਾਪਤੀਆਂ ਦੀ ਇਕ ਕੁਦਰਤੀ ਲੜੀ (corollary) ਹੈ ਜਿਸ ਦੁਆਰਾ ਸਰੀਰਕ ਕਸ਼ਟ ਅਤੇ ਪਦਾਰਥਕ ਘਾਟਾਂ ਨੂੰ ਦੂਰ ਕਰਨ ਹਿਤ ਪ੍ਰਯਤਨਸ਼ੀਲ ਰਹਿਣਾਂ ਮਨੁੱਖੀ ਆਤਮਾ ਦਾ ਅੰਤਿਮ ਨਿਰਵਾਣ ਉਤਨੀ ਦੇਰ ਤੀਕ ਅਧੂਰਾ ਹੈ ਜਿੰਨੀ ਦੇਰ ਤੀਕ ਮਨੁੱਖ ਪਦਾਰਥਕ ਤੇ ਵਿਵਹਾਰਕ ਜੀਵਨ ਵਿਚ ਹਰ ਤਰ੍ਹਾਂ ਦੇ ਸ਼ੋਸ਼ਣ ਤੋਂ ਮੁਕਤ ਨਹੀਂ ਹੋ ਜਾਂਦਾ।

ਪਾਠ ਨੰਬਰ : 1.4 ਲੇਖਕ : ਡਾ. ਆਨੰਦ ਸਪੈਂਸਰ

# ਧਰਮ ਦਾ ਅਧਿਐਨ – ਧਰਮਾਂ ਦਾ ਇਤਿਹਾਸ : ਆਰੰਭ, ਵਿਕਾਸ ਅਤੇ ਆਧੁਨਿਕ ਰੁਝਾਣ

## Study of Religion - History of Religion (Religionwissenschaft) - Origin, Development and Present Trends)

### ਭੂਮਿਕਾ :

ਇਸ ਪਾਠ ਵਿਚ ਵੱਖ-ਵੱਖ ਧਰਮਾਂ ਦੇ ਆਪਸੀ ਸੰਬੰਧਾਂ ਦੇ ਤੁਲਾਨਤਮਿਕ ਅਧਿਐਨ ਦੀ ਪਰੰਪਰਾ ਦੇ ਇਤਿਹਾਸ ਬਾਰੇ ਜਾਣਕਾਰੀ ਦਿੱਤੀ ਜਾਵੇਗੀ।

### ਧਰਮ ਦੇ ਇਤਿਹਾਸ ਜਾਂ ਧਰਮ ਵਿਗਿਆਨ ਦੇ ਅਰਥ :

### Meaning of History of Religions (Religionswissenschaft)

ਧਰਮ ਅਧਿਐਨ ਵਿਸ਼ੇ ਦੇ ਲਈ ਕਿਸੇ ਇੱਕ ਯੋਗ ਨਾਮ ਦੀ ਵਰਤੋਂ ਕਰਨੀ ਉਤਨੀ ਹੀ ਕਠਿਨ ਹੈ ਜਿਤਨੀ ਇਸ ਵਿਸ਼ੇ ਦੀ ਪਰਿਭਾਸ਼ਾ ਕਰਨੀ ਜਾਂ ਅਰਥ ਸਮਝਣਾ ਹੈ। ਧਰਮ ਅਧਿਐਨ ਇਕ ਪਾਠ ਜਾਂ ਵਿਦਿਅਕ ਵਿਸ਼ੇ (Academic Discipline) ਦੇ ਰੂਪ ਵਿਚ ਪਿਛਲੀ ਸਦੀ ਵਿਚ ਹੀ ਉਭਰਿਆ ਹੈ ਅਤੇ ਸਿਖਿਆ ਸੰਸਥਾਵਾਂ ਵਿਚ ਵਿਸ਼ੇਸ਼ ਕਰਕੇ ਪੱਛਮੀ ਦੇਸ਼ਾਂ ਵਿਚ ਬਹੁਤ ਹਰਮਨ ਪਿਆਰਾ ਅਤੇ ਪ੍ਰਚਲਿਤ ਵਿਸ਼ਾ ਬਣ ਗਿਆ ਹੈ। ਇਸਨੂੰ ਸੁਤੰਤਰ ਵਿਸ਼ਾ (Independent autonomous academic discipline) ਦੇ ਰੂਪ ਵਿਚ ਮਾਨਤਾ ਪ੍ਰਾਪਤ ਹੁੰਦੀ ਰਹੀ ਹੈ। ਇਥੋਂ ਤਕ ਕਿ ਵਿਦੇਸ਼ਾਂ ਦੇ ਅਨੇਕਾਂ ਵਿਸ਼ਵ-ਵਿਦਿਆਲਿਆਂ ਦੇ ਪਾਠ-ਕ੍ਰਮ ਅਤੇ ਪਾਠ ਸੂਚੀ (syllabus and Study curriculum) ਵਿਚ ਧਰਮ ਅਧਿਐਨ ਇਕ ਪਾਠ-ਵਿਸ਼ੇ ਦੇ ਰੂਪ ਵਿੱਚ ਸ਼ਾਮਲ ਕਰ ਦਿੱਤਾ ਗਿਆ ਹੈ। ਭਾਰਤ ਵਿੱਚ ਵੀ ਧਰਮ ਅਧਿਐਨ ਵਿਸ਼ਵ-ਵਿਦਿਆਲੇ ਦੀ ਪੱਧਰ ਤੇ ਸ਼ੁਰੂ ਹੋ ਚੁੱਕਾ ਹੈ।

ਜਿਸ ਤਰ੍ਹਾਂ ਕਿ ਉਪਰ ਦੱਸਿਆ ਗਿਆ ਹੈ ਧਰਮ ਅਧਿਐਨ ਵਿਸ਼ੇ ਨੂੰ ਕੋਈ ਇੱਕ ਨਾਮ ਦੇਣਾ ਕਠਿਨ ਹੈ। ਆਪਣੇ ਅਧਿਐਨ ਖੇਤਰ (Scope of Study) ਅਤੇ ਵਿਸ਼ਾ-ਵਸਤੂ (Subject matter) ਦੇ ਆਧਾਰ ਤੇ ਧਰਮ ਅਧਿਐਨ ਵਿਸ਼ੇ ਨੂੰ ਵੱਖ ਵੱਖ ਦ੍ਰਿਸ਼ਟੀਕੋਣਾਂ ਤੋਂ ਵੇਖਿਆ ਗਿਆ ਹੈ ਤੇ ਸਮਝਿਆ ਗਿਆ ਹੈ। ਜੋਸਫ ਕਿਟਗਾਵਾ (Joseph Kitgawa) ਦੇ ਅਨੁਸਾਰ ਧਰਮ-ਅਧਿਐਨ ਅੱਡ-ਅੱਡ ਲੋਕਾਂ ਲਈ ਵੱਖ-ਵੱਖ ਅਰਥ ਰੱਖਦਾ ਹੈ। ਕੁਝ ਕੁ ਲਈ ਤਾਂ ਇਹ ਵਿਸ਼ਾਲ ਧਰਮ ਜਗਤ ਵਿੱਚ ਇੱਕ ਭ੍ਰਮਣ-ਯਾਤਰਾ (Tour in World Religions) ਹੈ ਜਿਸ ਵਿੱਚ ਧਰਮ ਦੇ ਭਿੰਨ ਭਿੰਨ ਪੱਖਾਂ ਦਾ ਤੁਲਨਾਤਮਕ ਢੰਗ ਨਾਲ ਅਧਿਐਨ ਕੀਤਾ ਜਾਂਦਾ ਹੈ। ਕਈਆਂ ਲਈ ਇਹ ਧਰਮਾਂ ਦਾ ਦਾਰਸ਼ਨਿਕ ਅਧਿਐਨ ਹੈ ਜੋ ਅਨੇਕਾਂ ਧਰਮਾਂ ਦੇ ਇਤਿਹਾਸ ਅਤੇ ਉਨ੍ਹਾਂ ਦੀ ਹੋਂਦ (Phenomenon) ਦੇ ਆਧਾਰ ਤੇ ਕੀਤਾ ਜਾਂਦਾ ਹੈ।ਦੂਸਰਿਆਂ ਲਈ ਧਰਮ ਅਧਿਐਨ ਇੱਕ ਇਤਿਹਾਸ ਦਾ ਵਿਸ਼ਾ (History Subject) ਹੈ, ਜਿਵੇਂ ਚਰਚ ਦਾ ਇਤਿਹਾਸ (Church History)।ਪਰੰਤੂ ਇਸ ਵਿੱਚ ਕੇਵਲ ਇੱਕ ਧਰਮ ਨਹੀਂ ਸਗੋਂ ਅਨੇਕਾਂ ਧਰਮਾਂ ਦੇ ਇਤਿਹਾਸ ਦਾ ਅਧਿਐਨ ਕੀਤਾ ਜਾਂਦਾ ਹੈ। ਇਸ ਲਈ

ਆਪਣੇ ਵਿਸ਼ਾਲ ਅਧਿਐਨ ਖੇਤਰ ਅਤੇ ਵਿਸ਼ਾ ਵਸਤੂ ਦੇ ਕਾਰਨ ਇਸ ਵਿਸ਼ੇ ਨੂੰ ਕਈ ਨਾਵਾਂ ਨਾਲ ਜਾਣਿਆ ਜਾਂਦਾ ਹੈ। ਜਿਵੇਂ ਧਰਮ ਇਤਿਹਾਸ (History of Religions), ਧਰਮ ਵਿਗਿਆਨ (Science of Religion), ਧਰਮ ਦਾ ਤੁਲਨਾਤਮਕ ਅਧਿਐਨ (Comparative Study of Religion)।

ਪੱਛਮੀ ਦੇਸ਼ਾਂ ਵਿਚ ਇਸ ਵਿਸ਼ੇ ਨੂੰ ਰਿਲਿਜਨਸਵਿਸਨਸ਼ਫਟ (Religionswissenschaft) ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਇਹ ਜਰਮਨ ਭਾਸ਼ਾ ਦਾ ਸ਼ਬਦ ਹੈ ਜਿਸ ਦਾ ਅਰਥ ਹੈ ਧਰਮ ਵਿਗਿਆਨ (Science of Religion)। ਅਸਲ ਵਿਚ (Religionswissenschaft) ਇੱਕ ਅਜਿਹਾ ਸ਼ਬਦ ਹੈ ਜਿਸ ਦੇ ਅਰਥ ਦੇ ਅੰਤਰਗਤ ਉਪਰ ਦਿੱਤੇ ਗਏ ਧਰਮ ਅਧਿਐਨ ਦੇ ਸਾਰੇ ਨਾਮ ਸਮਾਅ ਜਾਂਦੇ ਹਨ ਕਿਉਂਕਿ ਰਿਲੰਜਨਸ ਵਿਸਨਸ਼ੈਫਟ (Religionswissenschaft) ਜਾਂ ਧਰਮ ਵਿਗਿਆਨ ਧਰਮ ਦਾ ਇੱਕ ਵਿਗਿਆਨਕ (Scientific) ਅਤੇ ਯੋਜਨਾਬੱਧ (Systematic) ਅਧਿਐਨ ਹੈ ਜੋ ਧਰਮਾਂ ਦੇ ਸਾਰੇ ਤੱਤਾਂ ਅਤੇ ਪੱਖਾਂ ਦਾ ਇਤਿਹਾਸਕ, ਸਮਾਜਕ, ਦਾਰਸ਼ਨਿਕ, ਮਨੋਵਿਗਿਆਨਕ, ਧਾਰਮਕ ਅਤੇ ਤੁਲਨਾਤਮਕ ਅਧਿਐਨ ਕਰਦਾ ਹੈ ਅਤੇ ਅਨੇਕਾਂ ਸੰਭਵ ਪੱਖਾਂ ਤੋਂ ਵਿਸ਼ਲੇਸ਼ਣ ਅਤੇ ਖੋਜ ਕਰਦਾ ਹੈ। ਆਪਣੇ ਅਧਿਐਨ ਵਿਚ ਵਿਗਿਆਨਕ ਨਿਰਪੇਖਤਾ ਅਤੇ ਵਿਧੀ (Scientific Objective and Methodology) ਦੀ ਵਰਤੋਂ ਕਰਦਾ ਹੈ। ਦੂਜੇ ਸ਼ਬਦਾਂ ਵਿਚ ਇਹ ਧਰਮ ਜਾਂ ਧਰਮਾਂ ਦਾ ਇਕ ਵਿਗਿਆਨਕ ਅਧਿਐਨ (Scientific Study) ਹੈ।

ਜੋਕਿਮ ਵਾਕ (Joachim Wach) ਦੇ ਅਨੁਸਾਰ ਰਿਲਿਜਨਸਵਿਸਨਸ਼ੈਫਟ (Religionswissenschaft) ਆਪਣੇ ਧਰਮ ਤੋਂ ਇਲਾਵਾ ਸਾਰੇ ਧਰਮਾਂ ਵਿਚ ਪਾਏ ਜਾਣ ਵਾਲੇ ਉਨ੍ਹਾਂ ਸਾਰੇ ਵਿਸ਼ਿਆਂ, ਤੱਤਾਂ (Elements), ਪ੍ਰਪੰਚ (Phenomena) ਜਿਵੇਂ ਧਰਮ ਵਿਸ਼ਵਾਸ਼ (Beliefs), ਪੂਜਾ ਪਾਠ (Cults), ਰੀਤੀ ਰਿਵਾਜ਼ (Rituals) ਆਦਿ ਨੂੰ ਪੂਰੀ ਤਰ੍ਹਾਂ ਸਮਝਣ ਦਾ ਯਤਨ ਕਰਦਾ ਹੈ। ਉਨ੍ਹਾਂ ਅਰਥਾਂ, ਤੱਤਾਂ, ਹਾਲਤਾਂ ਆਦਿ ਨੂੰ ਸਮਝਣ ਦੀ ਕੋਸ਼ਿਸ਼ ਕਰਦਾ ਹੈ ਜਿਨ੍ਹਾਂ ਨੇ ਅਨੇਕਾਂ ਧਾਰਮਿਕ ਵਿਸ਼ਿਆਂ ਅਤੇ ਵਾਸਤਵਿਕਤਾਵਾਂ ਨੂੰ ਜਨਮ ਦਿੱਤਾ ਹੈ। ਦੂਸਰੇ ਸ਼ਬਦਾਂ ਵਿਚ (Religionswissenschaft) ਜਾਂ ਧਰਮ ਵਿਗਿਆਨ (Science of Religion) ਜਾਂ ਤੁਲਨਾਤਮਕ ਧਰਮ (Comparative Religion) ਸਾਰੇ ਧਰਮਾਂ ਨੂੰ ਅਤੇ ਉਨ੍ਹਾਂ ਵਿਚ ਪਾਏ ਜਾਣ ਵਾਲੇ ਸਾਰੇ ਵਿਸ਼ਿਆਂ ਨੂੰ ਅਤੇ ਤੱਤਾਂ ਨੂੰ ਆਪਣਾ ਅਧਿਐਨ - ਵਿਸ਼ਾ ਮੰਨਦਾ ਹੈ, ਇਸ ਲਈ ਧਰਮਾਂ ਨੂੰ ਇਕ ਵਿਸ਼ਾਲ ਅਧਿਐਨ ਸਮਗਰੀ (Big vast data) ਸਮਝਦਾ ਹੈ। ਸਮੂਹ ਧਰਮਾਂ ਨੂੰ ਇਕ ਧਾਰਮਿਕ ਪ੍ਰਪੰਚ (Religious Phenomenon) ਮੰਨਦਾ ਹੈ ਅਤੇ ਉਸ ਦਾ ਸਮੁੱਚੇ ਰੂਪ ਵਿਚ ਵਿਗਿਆਨਕ ਅਧਿਐਨ ਕਰਦਾ ਹੈ।

ਇਸ ਤਰ੍ਹਾਂ (Religionswissenschaft) ਜਾਂ ਧਰਮ ਵਿਗਿਆਨ ਆਪਣੀ ਵਿਸ਼ਾ-ਵਸਤੂ ਅਤੇ ਅਧਿਐਨ ਵਿਧੀ (approach) ਦੇ ਕਾਰਨ ਧਰਮ ਵਿਦਿਆ ਜਾਂ ਬ੍ਰਹਮ ਵਿਦਿਆ (Theology) ਤੋਂ ਭਿੰਨ ਹੈ। ਧਰਮ ਵਿਦਿਆ ਜਾਂ ਬ੍ਰਹਮ ਵਿਦਿਆ (Theology) ਇਕ ਧਰਮ ਅਨੁਯਾਈ (Believer) ਦੁਆਰਾ ਉਸ ਦੇ ਆਪਣੇ ਧਰਮ ਵਿਸ਼ਵਾਸ਼ (Faith) ਨੂੰ ਸਮਝਣ ਅਤੇ ਉਸ ਵਿੱਚ ਦ੍ਰਿੜਤਾ (Affirm) ਪ੍ਰਾਪਤ ਕਰਨ ਦਾ ਯਤਨ ਕਰਦਾ ਹੈ। ਬ੍ਰਹਮ ਵਿਦਿਆ (Theology) ਮੂਲ ਰੂਪ ਵਿਚ (Essentially) ਆਪਣੇ ਧਰਮ - ਵਿਸ਼ਵਾਸ਼ (Religious Commitment) ਦਾ ਬੌਧਿਕ ਅਤੇ ਵਿਗਿਆਨਕ (Intellectual and Scientific) ਅਧਿਐਨ ਅਤੇ ਵਿਚਾਰ ਕਰਨਾ (Reflection) ਹੈ। ਦੂਸਰੇ ਧਰਮਾਂ ਦਾ ਕੁਝ ਹੱਦ ਤੱਕ ਅਧਿਐਨ ਇਸ ਦੇ ਵਿਸ਼ੇ ਖੇਤਰ ਵਿੱਚ ਹੁੰਦਾ ਹੈ। ਬ੍ਰਹਮ-ਵਿਦਿਆ (Theology) ਮੂਲ ਰੂਪ ਵਿਚ ਆਪਣੇ ਹੀ ਧਰਮ ਦਾ ਅਧਿਐਨ ਹੈ ਜਿਸ

ਦੇ ਲਈ ਆਪਣੇ ਧਰਮ ਵਿਚ ਨਿਸ਼ਠਾ ਜਾਂ ਭਰੋਸਾ (Relogious Commitment) ਜ਼ਰੂਰੀ ਤੱਤ ਹੈ। ਬ੍ਰਹਮ-ਵਿਦਿਆ ਦਾ ਵਿਸ਼ਾ ਹੈ ਕਿ 'ਮੈ' ਜਾਂ ਅਸੀਂ ਕੀ ਵਿਸ਼ਵਾਸ਼ ਕਰਦੇ ਹਾਂ, (What we Believe) ਜਿਸ ਦਾ ਆਧਾਰ ਹੈ "ਮੇਰਾ ਜਾਂ ਸਾਡਾ ਧਰਮ" (Our Religion)।ਪ੍ਰੰਤੂ (Religionswissenchaft) ਜਾਂ ਧਰਮ ਵਿਗਿਆਨ ਦਾ ਅਧਿਐਨ ਵਿਸ਼ਾ ਹੈ "ਕੀ ਵਿਸ਼ਵਾਸ਼ ਕੀਤਾ ਜਾਂਦਾ ਹੈ" (What is there that is believed) ਅਤੇ "ਸਾਡਾ ਧਰਮ" (Our Religion) ਦੀ ਬਜਾਏ 'ਸਭ ਧਰਮ' (All Religions) ਇਸ ਦਾ ਆਧਾਰ ਅਤੇ ਅਧਿਐਨ ਖੇਤਰ ਹੈ।

Religionswissenschaft ਜਾਂ ਧਰਮ ਵਿਗਿਆਨ, ਧਰਮ ਦਰਸ਼ਨ (Philosophy of Religion) ਤੋਂ ਵੀ ਭਿੰਨ ਹੈ। ਧਰਮ ਦਰਸ਼ਨ ਵਿੱਚ ਧਰਮ ਨੂੰ ਇਕ ਆਮ (General) ਅਤੇ ਵਿਸ਼ਵ ਵਿਆਪੀ (Universal) ਹੋਂਦ (Phenomenon) ਦੇ ਰੂਪ ਵਿਚ ਮੰਨਿਆ ਜਾਂਦਾ ਹੈ ਜਿਸ ਨੂੰ ਧਰਮ (The Religion) ਕਹਿੰਦੇ ਹਨ, ਜਿਸ ਦਾ ਵਿਸ਼ੇਸ਼ ਪ੍ਰਗਟਾਵਾ (Particular Manifestation) ਕਿਸੇ ਵਿਸ਼ੇਸ਼ (Particular) ਧਰਮ ਦੇ ਰੂਪ ਵਿੱਚ ਹੁੰਦਾ ਹੈ ਜਿਸ ਨੂੰ ਇਕ ਧਰਮ (A Religion) ਕਹਿੰਦੇ ਹਨ ਅਰਥਾਤ ਸੰਸਾਰ ਦੇ ਵੱਖ ਵੱਖ ਧਰਮ ਇਸ ਆਮ ਧਰਮ (The Religion) ਦੇ ਵਿਸ਼ੇਸ਼ ਪ੍ਰਗਟਾਵੇ (Particular Manifestation) ਹਨ।ਧਰਮ ਦਰਸ਼ਨ (Philosophy of Religion) ਇਸ ਆਮ ਧਰਮ (The Religion) ਦੇ ਲੱਛਣਾਂ (Characteristic Principles) ਦਾ ਅਧਿਐਨ ਕਰਦਾ ਹੈ ਜੋ ਧਰਮ (The Religion) ਵਿਚ ਕੰਮ (Operate) ਕਰਦੇ ਹਨ ਅਤੇ ਆਮ ਧਰਮ (The Religion) ਦੇ ਵਿਸ਼ੇਸ਼ ਪ੍ਰਗਟਾਵੇ (Particular Manifestation) ਅਰਥਾਤ ਇਕ ਧਰਮ (A Religion) ਦੇ ਸੰਬੰਧਾਂ ਦਾ ਵਿਸ਼ਲੇਸ਼ਣ ਕਰਦਾ ਹੈ ਅਤੇ ਮੁਲਅੰਕਣ (Evaluation) ਕਰਦਾ ਹੈ।ਸੰਸਾਰ ਦੇ ਸਾਰੇ ਧਰਮ ਹਿੰਦੂ, ਇਸਲਾਮ, ਸਿੱਖ ਈਸਾਈ ਆਦਿ ਉਸ ਆਮ ਧਰਮ ਦੇ ਵਿਅਕਤ ਰੂਪ ਹਨ। ਆਮ ਧਰਮ (The Religion) ਵਿਚ ਵਿਆਪਤ ਨਿਯਮ (Principles), ਢਾਂਚੇ (Structure, Pattern) ਆਦਿ ਦਾ ਪਤਾ ਲਗਾਉਣ ਅਤੇ ਉਸ ਦੇ ਵਿਕਸਤ ਅਤੇ ਇਤਿਹਾਸਕ ਧਰਮਾਂ ਦੇ ਸੰਬੰਧ ਖੋਜਣਾ ਧਰਮ ਦਰਸ਼ਨ (Philosophy of Religion) ਦਾ ਮੁੱਖ ਉਦੇਸ਼ ਹੈ।

ਇਸੇ ਕਾਰਨ (Religionswissenchaft) ਜਾਂ ਧਰਮ ਵਿਗਿਆਨ (Science of Religion) ਦਾ ਵਿਸ਼ਾ ਬ੍ਰਹਮ ਵਿੱਦਿਆ ਅਤੇ ਧਰਮ ਦਰਸ਼ਨ ਤੋਂ ਭਿੰਨ ਅਤੇ ਵੱਖਰਾ ਹੋ ਕੇ ਇਕ ਨਵੇਂ ਅਧਿਐਨ ਵਿਸ਼ੇ ਦੇ ਰੂਪ ਵਿਚ ਉਭਰਿਆ ਹੈ। ਬ੍ਰਹਮ ਵਿੱਦਿਆ ਅਤੇ ਧਰਮ ਦਰਸ਼ਨ ਇਸ ਦੇ ਸਹਾਇਕ ਵਿਸ਼ਿਆਂ (Auxiliary Disciplines) ਦੇ ਰੂਪ ਵਿਚ ਕੰਮ ਕਰਦੇ ਹਨ, ਬਲਕਿ ਧਰਮ ਵਿਗਿਆਨ ਦੇ (Science of Religion) ਅੰਤਰਗਤ ਅਧਿਐਨ ਵਿਸ਼ਾ ਹੈ ਧਰਮ ਦਰਸ਼ਨ। ਧਰਮ ਦਰਸ਼ਨ (Philosophyh of Religion) ਜਿੱਥੇ ਧਰਮ ਵਿਸ਼ਿਆਂ (Religion Themes) ਅਤੇ ਤੱਤਾਂ ਦਾ ਮੁਲਾਂਕਣ (Evaluation) ਕਰਦਾ ਹੈ ਉਥੇ ਧਰਮ ਵਿਗਿਆਨ ਵਿਆਖਿਆ ਮਈ ਅਧਿਐਨ (Descriptive Study) ਹੈ ਨੈਤਿਕ ਫੈਸਲੇ (Moral Judgement) ਨਹੀਂ ਦਿੱਤੇ ਜਾਂਦੇ। ਧਰਮ ਵਿਗਿਆਨ ਦੇ ਅਧਿਐਨ ਦਾ ਆਧਾਰ ਪੂਰਨ ਨਿਰਪੱਖਤਾ ਅਤੇ ਵਿਗਿਆਨਕ ਵਿਧੀ ਹੈ।

ਇਸ ਵਿਸ਼ੇ ਨੂੰ ਤੁਲਨਾਤਮਕ ਧਰਮ (Comparative Religion) ਇਸ ਲਈ ਕਿਹਾ ਜਾਂਦਾ ਹੈ, ਕਿਉਂਕਿ ਇਹ ਧਾਰਮਿਕ ਵਿਸ਼ਿਆਂ ਅਤੇ ਤੱਥਾਂ (Theme & Data) ਦਾ ਸਾਰੇ ਧਰਮਾਂ ਵਿਚ ਖੋਜ ਕਰਦਾ ਅਤੇ ਪਤਾ ਲਗਾਉਂਦਾ ਹੈ। ਉਨ੍ਹਾਂ ਦੇ ਇਕ ਸਮਾਨ ਜਾਂ ਇਕੋ ਜਿਹੇ ਤੱਤਾਂ ਦਾ ਪਤਾ ਲਗਾਉਂਦਾ ਅਤੇ ਉਨ੍ਹਾਂ ਦਾ ਤੁਲਨਾਤਮਕ ਅਧਿਐਨ ਕਰਦਾ ਹੈ। ਉਨ੍ਹਾਂ ਧਾਰਮਿਕ ਵਿਸ਼ਿਆਂ ਅਤੇ ਤੱਤਾਂ ਦੇ ਮੌਲਿਕ

ਰੂਪ, ਢਾਂਚੇ, ਸਮਾਨਤਾਵਾਂ ਅਤੇ ਉਨ੍ਹਾਂ ਦੇ ਨਿਯਮਾਂ ਦੇ ਆਧਾਰਾਂ ਦਾ ਅਧਿਐਨ ਕਰਦਾ ਹੈ ਅਤੇ ਵਿਸ਼ਲੇਸ਼ਣ ਕਰਦਾ ਹੈ। ਇਸ ਪ੍ਰਕਾਰ ਦੇ ਅਧਿਐਨ ਵਿਚ ਉਨ੍ਹਾਂ ਧਾਰਮਿਕ ਵਿਸ਼ਿਆਂ ਅਤੇ ਤੱਤਾਂ ਦੀ ਤਹਿ ਵਿਚ ਜਾਣਾ ਪੈਂਦਾ ਹੈ ਅਤੇ ਅਤੀਤ ਵਿਚ ਉਨ੍ਹਾਂ ਦੇ ਜਨਮ ਜਾਂ ਆਰੰਭ ਅਰਥਾਤ ਉਨ੍ਹਾਂ ਦੇ ਨਿਕਾਸ ਅਤੇ ਵਿਕਾਸ ਦਾ ਇਤਿਹਾਸ ਲੱਭਣਾ ਹੁੰਦਾ ਹੈ। ਸਮੇਂ (Time) ਅਤੇ (Place) ਸਥਾਨ ਦੀਆਂ ਹਾਲਤਾਂ ਦਾ ਅਧਿਐਨ ਉਸ ਵਿਸ਼ੇ ਨੂੰ ਇਕ ਇਤਿਹਾਸਕ ਖੋਜ (Historical Research) ਬਣਾਉਂਦਾ ਹੈ ਜਿਸ ਦੇ ਕਾਰਨ ਇਸ ਵਿਸ਼ੇ ਨੂੰ ਧਰਮ ਇਤਿਹਾਸ (History of Religions) ਵੀ ਕਿਹਾ ਜਾਂਦਾ ਹੈ। ਕਿਉਂਕਿ ਧਰਮ ਅਧਿਐਨ ਦਾ ਸੰਬੰਧ ਦੂਸਰੇ ਵਿਸ਼ਿਆਂ ਨਾਲ ਵੀ ਜੁੜਿਆ ਹੋਇਆ ਹੈ ਜਿਵੇਂ ਦਰਸ਼ਨ (Philosophy), ਮਨੋਵਿਗਿਆਨ (Psychology), ਸਮਾਜ ਸ਼ਾਸ਼ਤਰ (Sociology), ਮਾਨਵ ਵਿਗਿਆਨ (Anthropology), ਇਤਿਹਾਸ (History) ਆਦਿ। ਦੂਸਰੇ ਸ਼ਬਦਾਂ ਵਿਚ ਧਰਮ ਅਧਿਐਨ ਆਪਣੇ ਵਿਸ਼ਾਲ ਅਧਿਐਨ ਖੇਤਰ ਦੇ ਕਾਰਨ ਇਕ ਆਧਾਰ-ਵਿਸ਼ੇ (Mother Discipline) ਦੇ ਰੂਪ ਵਿਚ ਸਮਝਿਆ ਜਾਂਦਾ ਹੈ।

## ਧਰਮ ਵਿਗਿਆਨ ਦਾ ਇਤਿਹਾਸ (History of Religionwissenschaft)

**ਪਹਿਲਾ ਪੜਾ (Early Stage)** : ਧਰਮ ਜਾਂ ਧਰਮਾਂ ਦੇ ਅਧਿਐਨ (Study of Religion) ਦੇ ਇਤਿਹਾਸ ਦਾ ਆਰੰਭ ਹੇਰੋਡੋਟਸ (Herodotus, 44-425 B.C.) ਦੇ ਨਾਮ ਨਾਲ ਜੋੜਿਆ ਜਾ ਸਕਦਾ ਹੈ ਜਿਸ ਨੇ ਮਿਸਰ, ਫਾਰਸ, ਥਰੇਸ, ਸਿਥੀਆ ਆਦਿ (Egypt, Persia, Thrace, Scythia etc.) ਦੇਸ਼ਾਂ ਦੇ ਪ੍ਰਾਚੀਨ ਧਰਮਾਂ ਦਾ ਵਰਣਨ ਕੀਤਾ ਸੀ ਅਤੇ ਉਨ੍ਹਾਂ ਦਾ ਤੁਲਨਾਤਮਕ ਅਧਿਐਨ ਯੂਨਾਨੀ ਮਿਥਿਕ ਵਿਸ਼ਵਾਸ਼ਾਂ (Greak Mythological Beliefs) ਦੇ ਨਾਲ ਕੀਤਾ ਸੀ। ਪਰ ਥੀਓਰਫਰਾਸਟਸ (Theophrastus 362, 287 B.C.) ਨੂੰ ਪਹਿਲਾ ਯੂਨਾਨੀ ਧਰਮ ਇਤਿਹਾਸਕਾਰ (Geek Historian of Religions) ਮੰਨਿਆ ਜਾਂਦਾ ਹੈ ਜਿਸ ਨੇ ਧਰਮ-ਇਤਿਹਾਸ (History of Religions) ਨੂੰ ਪੰਜ ਪੋਥੀਆਂ ਵਿਚ ਲਿਖਿਆ ਸੀ। ਮੈਗਸਥਨੀਜ਼ (Mewgasthenes) ਜੋ ਯੂਨਾਨੀ ਯਾਤਰੀ ਸੀ ਲਗਭਗ 300 ਬੀ.ਸੀ. ਵਿਚ ਭਾਰਤ ਵਿਚ ਆਇਆ ਸੀ। ਉਸ ਨੇ ਆਪਣੀ ਪੁਸਤਕ (Indica) ਵਿਚ ਪੂਰਬੀ ਧਾਰਮਿਕ ਵਿਸ਼ਵਾਸ਼ਾਂ (Oriental Religious Beliefs) ਦਾ ਵਰਣਨ ਕੀਤਾ ਸੀ।

ਇਸ ਤੋਂ ਬਾਅਦ ਚੀਨੀ ਯਾਤਰੀ ਫਾਹੀਯਾਨ ਅਤੇ ਹਿਊਨ ਸਾਂਗ (Fahian & Hiuen Tsang) ਜੋ ਪੰਜਵੀਂ ਅਤੇ ਸਤਵੀਂ ਸਦੀ ਈਸਾ ਪੂਰਵ ਭਾਰਤ ਵਿਚ ਆਏ ਸਨ, ਉਨ੍ਹਾਂ ਨੇ ਭਾਰਤੀ ਧਰਮਾਂ ਵਿਸ਼ੇਸ਼ ਕਰਕੇ ਬੁੱਧ ਧਰਮ ਦੇ ਅਧਿਐਨ ਵਿਚ ਰੁਚੀ ਦਿਖਾਈ ਸੀ ਅਤੇ ਬੁੱਧ ਧਰਮ ਗ੍ਰੰਥਾਂ ਦਾ ਪਾਲੀ ਭਾਸ਼ਾ ਤੋਂ ਚੀਨੀ ਭਾਸ਼ਾ ਵਿਚ ਅਨੁਵਾਦ ਵੀ ਕੀਤਾ ਸੀ।

ਈਸਾਈ ਕਾਲ ਦੇ ਆਰੰਭ ਵਿਚ ਈਸਾਈ ਵਿਦਵਾਨਾਂ ਨੇ ਵੀ ਦੂਸਰੇ ਧਰਮਾਂ ਦੇ ਅਧਿਐਨ ਵਿਚ ਆਪਣੀ ਰੁਚੀ ਦਿਖਾਈ। ਪਲੁਟਾਰਕ (Plutarch, 50-125 ਈ. On Isis and Osiris) ਨੇ ਇਸ ਦੀ ਉਦਾਹਰਣ ਦਿੱਤੀ ਹੈ । ਉਸ ਦੇ ਅਨੁਸਾਰ ਵੱਖ ਵੱਖ ਧਰਮ, ਧਰਮ ਦੀ ਮੌਲਿਕ ਅਤੇ ਆਂਤਰਿਕ ਇਕਾਈ ਦਾ ਬਾਹਰੀ ਰੂਪ ਹਨ । Clement of Alexandria AD 202 ਨੇ ਹਿੰਦੂ, ਬੁੱਧ ਅਤੇ ਯੂਨਾਨੀ ਧਰਮਾਂ ਦੀ ਜਾਣਕਾਰੀ ਵਿਚ ਵਿਸ਼ੇਸ਼ ਰੁਚੀ ਦਿਖਾਈ। Franciscan Friars ਅਤੇ Marco Polo ਦੇ ਯਾਤਰਾਂ ਲੇਖਾਂ (Travel Records) ਤੋਂ ਉਨ੍ਹਾਂ ਦੀ ਦੂਜੇ ਧਰਮਾਂ ਵਿਚ ਰੁਚੀ ਅਤੇ ਜਾਣਕਾਰੀ ਦਾ ਪਤਾ ਲਗਦਾ ਹੈ।

**ਮੱਧ-ਯੁੱਗ** : ਇਸ ਯੁੱਗ ਦੇ ਆਰੰਭ ਵਿਚ ਅਲਬਰੂਨੀ (Alberuni 973-1048) ਦਾ ਨਾਮ ਬਹੁਤ ਪ੍ਰਸਿੱਧ ਹੈ। ਇਸ ਨੇ ਭਾਰਤ ਦੇ ਧਰਮਾਂ ਦਾ ਅਧਿਐਨ ਆਪਣੀ ਆਲੇ-ਦੁਆਲੇ ਨਾਮ ਦੀ

ਪੁਸਤਕ ਵਿਚ ਕੀਤਾ ਸੀ। ਇਸੇ ਤਰ੍ਹਾਂ ਇਬਨ ਜਜ਼ਮ (Ibn Jazam 994-1064) ਨੇ ਵੀ ਬ੍ਰਾਹਮਣ, ਯਹੂਦੀ, ਈਸਾਈ ਅਤੇ ਪੁਰਾਤਨ ਧਰਮਾਂ ਦੇ ਅਧਿਐਨ ਤੋਂ ਇਕ ਬਹੁਤ ਵੱਡੀ ਪੁਸਤਕ ਲਿਖੀ। ਇਸ ਯੁਗ ਦੇ ਦੋ ਯਹੂਦੀ ਵਿਦਵਾਨਾਂ ਸਾਦਿਆ (Saadia 889-952) ਅਤੇ ਮੈਮੋਨਾਡਜ਼ (Maimonides 1135-1204) ਨੇ ਬ੍ਰਾਹਮਣ, ਈਸਾਈ ਅਤੇ ਇਸਲਾਮ ਧਰਮਾਂ ਦੇ ਦਰਸ਼ਨ (Philosophy) ਦਾ ਅਧਿਐਨ ਕੀਤਾ।

1520 A.D. ਵਿਚ ਪਹਿਲੀ ਵਾਰੀ ਧਰਮਾਂ ਦੇ ਇਤਿਹਾਸ (History of Religions ਤੇ The Customs, Laws and Rites of All Peoples ਨਾਮ ਦੀ ਇਕ ਕਿਤਾਬ ਸਾਹਮਣੇ ਆਈ ਜਿਸ ਦੇ ਲੇਖਕ Jean Boem ਸਨ। ਇਸ ਪੁਸਤਕ ਵਿਚ ਉਸ ਨੇ ਅਫਰੀਕਾ, ਏਸ਼ੀਆ ਅਤੇ ਯੂਰਪ ਦੇ ਧਰਮ ਵਿਸ਼ਵਾਸ਼ਾਂ ਦੇ ਇਤਿਹਾਸ ਦਾ ਵਰਣਨ ਕੀਤਾ।(Mobid Zulfikar Ardastani ਨੇ Dabistani-i-Mazahib 1605) ਵਿਚ ਭਾਰਤੀ ਅਤੇ ਪਾਰਸੀ (Persian) ਧਰਮਾਂ ਦਾ ਤੁਲਨਾਤਮਕ ਅਧਿਐਨ ਕੀਤਾ। Ardastani ਨੇ ਭਾਰਤੀ ਅਤੇ ਫਾਰਸੀ ਦੇਸ਼ਾਂ ਦਾ ਵਿਸਤ੍ਰਿਤ ਭਰਮਣ ਕੀਤਾ, ਅੱਡ-ਅੱਡ ਧਰਮਾਂ ਦੇ ਲੋਕਾਂ ਨਾਲ ਗੱਲਬਾਤ ਕਰਕੇ ਉਨ੍ਹਾਂ ਦੇ ਧਰਮਾਂ ਦਾ ਅਧਿਐਨ ਕਰਨ ਤੋਂ ਬਾਅਦ ਇਹ ਪੁਸਤਕ ਲਿਖੀ ਹੈ।

1724 ਵਿੱਚ (J.F. Lafitau ਨੇ Customs of the American Savages Compared to the Customs of the Earliest Ages) ਨਾਮ ਦੀ ਪੁਸਤਕ ਲਿਖੀ। ਇਹ ਗ੍ਰੰਥ ਪਹਿਲੀ ਅਜਿਹੀ ਰਚਨਾ ਮੰਨਿਆ ਜਾ ਸਕਦਾ ਹੈ ਜਿਸ ਵਿਚ ਸੰਸਾਰ ਦੇ ਨਵੇਂ ਅਤੇ ਪੁਰਾਣੇ ਧਰਮਾਂ ਦਾ ਤੁਲਨਾਤਮਕ ਅਧਿਐਨ ਕੀਤਾ ਗਿਆ ਸੀ।Lafitau ਦੀ ਨਕਲ ਕਰਦਿਆ Hume. De Brosses, Rousseau, Voltaire, F.A. Wolf, Lessing ਆਦਿ ਨੇ ਧਰਮ ਅਧਿਐਨ ਦੇ ਖੇਤਰ ਵਿਚ ਪ੍ਰਾਕ੍ਰਿਤਕ ਧਰਮ (Natural Religion) ਦੀਆਂ ਸਮੱਸਿਆਵਾਂ ਤੇ ਚਰਚਾ ਨੂੰ ਅੱਗੇ ਵਧਾਇਆ।Fontenelle ਨੇ Discourse on the Origion of Fables (1724) ਵਿਚ ਅਤੇ Francois Dupuis ਨੇ (The Origion of All cults (1794) ਵਿਚ ਆਰੰਭਕ ਧਰਮ ਵਿਸ਼ਵਾਸ਼ਾਂ (Early Beliefs) ਦੀ ਉਤਪਤੀ ਦਾ ਇਤਿਹਾਸ ਲੱਭਣ ਦਾ ਯਤਨ ਕੀਤਾ ਹੈ। ਇਹਨਾਂ ਪੁਸਤਕਾਂ ਨੂੰ ਅੱਗੇ ਚਲ ਕੇ 19ਵੀਂ ਸਦੀ ਵਿਚ ਧਰਮ ਦੀ ਉਤਪਤੀ ਦੀ ਖੋਜ ਤੇ ਕੀਤੇ ਜਾਣ ਵਾਲੇ ਅਧਿਐਨ ਦਾ ਬੁਨਿਆਦੀ ਕੰਮ ਸਮਝਿਆ ਜਾਂਦਾ ਹੈ। ਇਸੇ ਤਰ੍ਹਾਂ boston ਦੀ Hannah Adams (d. 1832) ਨੇ ਇਹਨਾਂ ਵਿਸ਼ਿਆਂ ਤੇ ਲਿਖਿਆ A Brief Account of Paganism, Mohometanism, Judaism and Decism ਅਤੇ 'A view of the Religions of the Different Nations of the World.'

**ਵਰਤਮਾਨ ਕਾਲ**

ਅਸਲ ਵਿਚ ਧਰਮਾਂ ਦਾ ਤੁਲਨਾਤਮਕ ਅਧਿਐਨ (Comparative Study of Religions) ਇਕ ਸੁਚਾਰੂ ਯੋਜਨਾ ਬੱਧ (Systematic) ਅਤੇ ਵਿਗਿਆਨਕ (Scientific) ਤਰੀਕੇ ਨਾਲ 19ਵੀਂ ਸਦੀ ਦੇ ਮੱਧ ਵਿਚ ਹੀ ਵਿਕਸਿਤ ਹੋਇਆ ਅਤੇ ਵਿਦਿਅਕ ਅਧਿਐਨ (Academic Discipline) ਦੇ ਇਕ ਸੁਤੰਤਰ (Independent) ਵਿਸ਼ੇ ਦੇ ਰੂਪ ਵਿਚ ਵਿਕਸਤਿ ਹੋਇਆ।Max Muller ਨੇ 1867 ਵਿਚ ਆਪਣੀ ਇਕ ਪੁਸਤਕ Chips from a German Workshop ਦੇ ਮੁੱਖ ਬੰਦ ਵਿਚ ਇਸ ਵਿਸ਼ੇ ਨੂੰ ਰਿਲਿਜਨਸਵਿਸਨਸ਼ੈਫਟ (Religionwissenschaft) ਦਾ ਨਾਮ ਦਿੱਤਾ ਜਿਸ ਦਾ ਅਨੁਵਾਦ ਧਰਮ ਵਿਗਿਆਨ (Science of Religion) ਕੀਤਾ ਹੈ।ਉਦੋਂ

ਤੋਂ ਧਰਮ ਅਧਿਐਨ ਵਿਸ਼ੇ ਦਾ ਇਹ ਨਾਮ ਪ੍ਰਚਲਿਤ ਹੋ ਗਿਆ। 1856 ਵਿਚ Max Muller ਨੇ Essays in Comparative Mythology ਲਿਖੀ ਜਿਸ ਨੂੰ ਤੁਲਨਾਤਮਕ ਧਰਮ ਅਧਿਐਨ (Comparative Religion) ਦੀ ਸਹੀ ਅਰਥਾਂ ਵਿਚ ਪਹਿਲੀ ਅਤੇ ਮਹੱਤਵਪੂਰਨ ਰਚਨਾ ਸਮਝਿਆ ਜਾਂਦਾ ਹੈ। ਇਸ ਵਿਚ myths ਦਾ ਤੁਲਨਾਤਮਕ ਅਤੇ ਵਿਗਿਆਨਕ ਢੰਗ ਨਾਲ ਅਧਿਐਨ ਕੀਤਾ ਗਿਆ।

Max Muller ਨੇ Introduction to the Science of Religions ਅਤੇ 1878 ਵਿਚ Origin and Growth of Religion as Illustrated by Religions of India ਨਾਮ ਦੀਆਂ ਹੋਰ ਦੋ ਬਹੁਤ ਮਹੱਤਵਪੂਰਨ ਪੁਸਤਕਾਂ ਲਿਖੀਆਂ। ਇਹ ਰਚਨਾਵਾਂ ਧਰਮ ਅਧਿਐਨ ਵਿਚ ਵਿਗਿਆਨਕ ਅਤੇ ਨਿਰਪੱਖ ਦ੍ਰਿਸ਼ਟੀਕੋਣ ਨੂੰ ਪ੍ਰਗਟ ਕਰਦੀਆਂ ਹਨ। Max Muller ਨੇ, ਜਿਸ ਨੂੰ ਇਸ ਕਿਸਮ ਦੇ ਧਰਮ ਅਧਿਐਨ ਦਾ ਬਾਨੀ (Founder) ਸਮਝਿਆ ਜਾਂਦਾ ਹੈ, ਇਸ ਵਿਸ਼ੇ ਦਾ ਨਾਮ Religionswissenschaft ਜਾਂ ਧਰਮ ਵਿਗਿਆਨ (Science of Religion ) ਇਸ ਕਰਕੇ ਵੀ ਰਖਿਆ ਕਿਉਂਕਿ ਉਹ ਇਸ ਕਿਸਮ ਦੇ ਧਰਮ ਅਧਿਐਨ ਨੂੰ ਨਵੇ ਂ ਵਿਸ਼ੇ (New Discipline) ਦੇ ਰੂਪ ਵਿਚ ਸਥਾਪਤ ਕਰਨਾ ਚਾਹੁੰਦਾ ਸੀ ਅਤੇ ਇਸ ਨੂੰ ਧਰਮ ਦਰਸ਼ਨ (Philosophy of Religion) ਅਤੇ ਬ੍ਰਹਮ ਵਿਦਿਆ (Theology) ਤੋਂ ਅੱਡ ਅਤੇ ਭਿੰਨ ਕਰਨਾ ਚਾਹੁੰਦਾ ਸੀ। Max Muller ਨੇ Sacred Books of the East (1897) ਪ੍ਰਕਾਸ਼ਿਤ ਕਰਕੇ ਸੰਸਾਰ ਵਿਚ ਧਰਮਾਂ ਦੇ ਅਧਿਐਨ ਵਿਚ ਇਕ ਵਿਸ਼ੇਸ਼ ਰੁਚੀ ਨੂੰ ਉਤਸ਼ਾਹ ਦਿੱਤਾ।

Max Muller ਦੀ ਧਰਮ ਅਧਿਐਨ ਦੀ ਵਿਗਿਆਨਕ ਵਿਧੀ ਅਤੇ ਵਿਚਾਰਾਂ ਨੇ ਵਿਦਵਾਨਾਂ ਨੂੰ ਬਹੁਤ ਪ੍ਰਭਾਵਿਤ ਕੀਤਾ। ਦਾਰਸ਼ਨਿਕ (Philosophers) ਅਤੇ ਬ੍ਰਹਮ ਵੇਤਾ (Theologians), ਭਾਸ਼ਾ ਵਿਗਿਆਨੀ (Phiologists) ਇਤਿਹਾਸਕਾਰ (Historian), ਮਾਨਵ ਵਿਗਿਆਨੀ (Ethnologists) ਅਦਿ ਤੁਲਨਾਤਮਕ ਅਧਿਐਨ ਵਿਧੀ ਵੱਲ ਬਹੁਤ ਖਿੱਚੇ ਗਏ। ਜਿਸ ਸਾਲ (1867 ਈ. ) Max Muller ਨੇ Comparative Mythology ਨਾਮ ਦੀ ਪੁਸਤਕ ਲਿਖੀ ਅਤੇ ਧਰਮ ਅਧਿਐਨ ਵਿਸ਼ੇ ਲਈ Religionswissenschaft ਜਾਂ ਧਰਮ ਵਿਗਿਆਨ ਨਾਮ ਦੀ ਵਰਤੋਂ ਕੀਤੀ ਉਸ ਸਾਲ James Freeman Clarke ਨੂੰ Harvard university (America) ਨੇ Natural religion and Chirstian Doctrine ਦੀ Chair ਦਾ ਮੁਖੀ ਨਿਯੁਕਤ ਕਰਕੇ ਧਰਮ ਅਧਿਐਨ ਨੂੰ ਵਿਦਿਅਕ ਵਿਸ਼ੇ ਦਾ ਦਰਜਾ ਦੇਣ ਦਾ ਸਬੂਤ ਦਿੱਤਾ। Clarke ਨੇ 1875 ਵਿਚ Ten Great Religions; An Essay in Comparative Theology ਨਾਮ ਦੀ ਪੁਸਤਕ ਲਿਖੀ ਜਿਸ ਵਿਚ ਉਸ ਨੇ ਧਰਮਾਂ ਦੇ ਜਨਮ ਅਤੇ ਵਿਕਾਸ ਦਾ ਇਤਿਹਾਸ ਲਿਖਿਆ ਅਤੇ ਕੁਝ ਧਰਮ ਸੰਕਲਪ (Doctrine) ਜਿਵੇਂ ਈਸ਼ਵਰ, ਮਨੁੱਖ ਸ਼ਕਤੀ ਆਦਿ ਵਿਚਾਰਾਂ ਦਾ ਇਤਿਹਾਸਕ ਅਧਿਐਨ ਕੀਤਾ। ਧਰਮ ਇਤਿਹਾਸ (History of Religion) ਨਾਮ ਦੀ ਯੂਨੀਵਰਸਿਟੀ ਪੱਧਰ ਦੀ ਸਭ ਤੋਂ ਪਹਿਲੀ Chair 1873 ਵਿਚ Geneva (Switzerland] ਵਿਚ ਸਥਾਪਤ ਹੋਈ ਅਤੇ ਫਿਰ ਚਾਰ ਹੋਰ Chairs 1876 ਵਿਚ ਹਾਲੈਂਡ (Holland) ਵਿਚ 1879 ਫਰਾਂਸ (France) ਵਿਚ 1884 ਵਿਚ Free University ਬ੍ਰਸਲਜ਼ (Brussels) ਵਿਚ 1910 ਵਿਚ ਜਰਮਨੀ (Germany) ਦੇ ਬਰਲਿਨ (Berlin), ਲਿਪਜ਼ਿਗ (Liepzig) ਅਤੇ ਬੋਨ ਵਿਸ਼ਵ ਵਿਦਿਆਲੇ (Bonn University) ਵਿਚ ਸਥਾਪਤ ਹੋਈ। ਇਸੇ ਤਰ੍ਹਾਂ (Europe) ਯੂਰਪ ਦੇ ਹੋਰ ਦੇਸ਼ਾਂ ਵਿਚ ਧਰਮ ਅਧਿਐਨ ਵਿਸ਼ਵ ਵਿਦਿਆਲਿਆਂ ਵਿਚ ਸ਼ੁਰੂ ਹੋ ਗਿਆ।

ਅਮਰੀਕਾ ਵਿਚ 1874 ਵਿਚ ਬੋਸਟਨ ਵਿਸ਼ਵ ਵਿਦਿਆਲੇ (Boston University) ਵਿਚ The Quest of Perfect Religion ਦੇ ਲੇਖਕ William Fair Field Warren ਨੂੰ ਤੁਲਨਾਤਮਕ ਬ੍ਰਹਮ ਵਿਦਿਆ ਧਰਮ ਦਰਸ਼ਨ ਅਤੇ ਇਤਿਹਾਸ (Comparative Theology and History of Philosophy of Relogion) ਦਾ ਪਹਿਲਾ ਪ੍ਰੋਫੈਸਰ (Proffessor) ਬਣਾਇਆ।ਇਸ ਸਮੇਂ ਦੂਸਰੇ ਵਿਦਵਾਨਾਂ ਜਿਵੇਂ ਸੈਮੂਅਲ ਜਾਨਸਨ (Samuel Johnson) ਦੀ Oriental Religions and their Religions to Universal Religion, ਕ੍ਰਾਫੁਰਡ ਹਾਵਲ ਟੋਏ (Crawford Howwell Toy) ਦੀ Judaism and Christianity ਅਤੇ ਫ੍ਰੈਂਕਫੀਲਡ ਐਲਿਨਵੁਡ (Frank Field Ellinwood) ਦੀ (Oriental Religions and Chirstinity) ਨਾਮ ਦੀਆਂ ਪੁਸਤਕਾਂ ਸਾਹਮਣੇ ਆਈਆਂ। Ellinwood ਨੂੰ ਨਿਊਯਾਰਕ ਵਿਸ਼ਵ ਵਿਦਿਆਲੇ (New York University) ਵਿਚ ਤੁਲਨਾਤਮਕ ਧਰਮ ਅਧਿਐਨ (Compartive Religion) ਦਾ ਪ੍ਰੋਫੈਸਰ ਨਿਯੁਕਤ ਕਰ ਦਿੱਤਾ ਗਿਆ। 19ਵੀਂ ਸਦੀ ਦੇ ਉਤਰਾਰਧ ਵਿਚ ਕੁਝ ਹੋਰ ਪ੍ਰਮੁੱਖ ਪੁਸਤਕਾਂ ਧਰਮ ਅਧਿਐਨ ਵਿਸ਼ੇ ਤੇ ਸਾਹਮਣੇ ਆਈਆਂ ਜਿਵੇਂ ਜੈਮਜ਼ ਕਲੇਮੈਂਟ ਮੋਫਟ (James Clement Moffat) ਦੀ A Comparative History of Religions (1871) ਸੈਮੂਏਲ ਹੈਨਰੀ ਕੇਲੋਗ ਦੀ (Samuel Henry Kellog) The light of Asia and the Light of World (1885) ਡੈਵਿਡ ਜੈਮਸ ਬੁਰਲ (David James Burrell ) ਦੀ The Religions of the World (1888) ਅਤੇ ਈ. ਡਬਲਯੂ. ਹਾਪਕਿਨਜ਼ ( E. W. Hopkins) ਦੀ Religion of India (1895) ਅਤੇ ਵਿਲਿਅਮ ਜੇਮਜ਼ (William James ਦੀ The Varieties of Religious Experience (1902)।

1891 ਵਿਚ ਹਾਰਵਰਡ ਵਿਸ਼ਵ ਵਿਦਿਆਲੇ (Harvard University) ਅਤੇ 1892 ਸ਼ਿਕਾਗੋ ਵਿਸ਼ਵ ਵਿਦਿਆਲੇ (Chicago University) ਵਿਚ ਧਰਮ ਅਧਿਐਨ ਵਿਭਾਗ ਵਿਚ ਪ੍ਰੱਸਿਧ ਵਿਦਵਾਨ G.E. Moore ਅਤੇ G.S. Goodspeed ਨਿਯੁਕਤ ਹੋਏ। ਦੂਸਰੇ ਵਿਸ਼ਵ ਵਿਦਿਆਲਿਆਂ ਵਿਚ ਵੀ ਧਰਮ ਅਧਿਐਨ ਵਿਦਿਅਕ ਪੱਧਰ ਤੇ ਸ਼ੁਰੂ ਹੋ ਗਿਆ। ਇਸ ਸਮੇਂ 1893 ਵਿਚ World Parliament of Religions ਨੇ ਜੋ ਕਿ ਸ਼ਿਕਾਗੋ (Chicago) ਵਿਚ ਹੋਈ ਸੀ ਸਾਰੇ ਸੰਸਾਰ ਦਾ ਧਿਆਨ ਆਕਰਸ਼ਿਤ ਕੀਤਾ ਜਿਸ ਨਾਲ ਧਰਮਾਂ ਦੇ ਤੁਲਨਾਤਮਕ ਅਧਿਐਨ (Comparative Religion) ਨੂੰ ਸਾਰੇ ਸੰਸਾਰ ਵਿਚ ਬਹੁਤ ਉਤਸ਼ਾਹ ਮਿਲਿਆ। ਧਰਮ ਦਾ ਤੁਲਨਾਤਮਕ ਅਧਿਐਨ ਅਤੇ ਧਰਮ ਵਿਗਿਆਨ ਨਾ ਕੇਵਲ ਵਿਸ਼ਵ ਵਿਦਿਆਲਿਆਂ ਵਿਚ ਹਰਮਨ ਪਿਆਰਾ ਹੋਣ ਲੱਗਾ ਸਗੋਂ ਧਰਮ ਵਿਦਿਆਲਿਆਂ (Theological Colleges and Seminarties) ਵਿਚ ਵੀ ਪਿਆਰਾ ਵਿਸ਼ਾ ਬਣ ਗਿਆ। ਹੁਣ ਸੰਸਾਰ ਭਰ ਵਿਚ ਇਹ ਵਿਸ਼ਾ ਵਿਦਿਅਕ ਪੱਧਰ ਤੇ ਪੜ੍ਹਾਇਆ ਜਾਂਦਾ ਹੈ ਅਤੇ ਅਨੇਕਾਂ ਖੋਜ ਕੰਮ ਹੋ ਰਹੇ ਹਨ। ਅਨੇਕ ਵਿਦਵਾਨਾਂ ਨੇ ਕਿਤਾਬਾਂ ਵੀ ਲਿਖੀਆਂ ਹਨ।

Professor george F. Thomas ਦੇ ਅਨੁਸਾਰ ਧਰਮ ਦਾ ਵਿਦਿਅਕ ਅਧਿਐਨ ਹਰਮਨ ਪਿਆਰਾ ਹੋਣ ਦੇ ਦੋ ਮੁੱਖ ਕਾਰਨ ਹਨ : ਇਕ ਤਾਂ ਇਹ ਕਿ ਧਰਮ ਇਤਿਹਾਸ (History of Religions) ਨੂੰ ਜਾਂ ਧਰਮ ਵਿਗਿਆਨ (Science of Religions) ਨੂੰ ਵਿਗਿਆਨ ਮੰਨਿਆ ਜਾਂਦਾ ਹੈ। ਇਸ ਲਈ ਇਹ ਨਿਰਪੱਖ ਵਿਸ਼ਾ ਹੈ ਜੋ ਧਰਮਾਂ ਵਿਚਕਾਰ ਕੋਈ ਭੇਦ ਭਾਵ ਨਹੀਂ ਕਰਦਾ। ਦੂਸਰਾ ਇਸ ਵਿਸ਼ੇ ਵਿਚ ਧਾਰਮਕ ਉਦਾਰਤਾ (Religious Libeeralism) ਦਾ ਤੱਤ ਹੈ ਤੇ

ਰਵਈਆਂ ਵੀ ਹੈ।ਧਰਮ ਦਾ ਅਧਿਐਨ ਕਰਨ ਲਈ ਇਹ ਧਰਮ ਸ਼ਾਸ਼ਤਰੀ ਵਿਧੀ (Theological Approach) ਨਾਲੋਂ ਦਾਰਸ਼ਨਿਕ ਵਿਧੀ (Philosocal Approach) ਨੂੰ ਤਰਜੀਹ ਦਿੰਦਾ ਹੈ।

ਧਰਮ ਅਧਿਐਨ ਜਾਂ Religionswissenschaft ਜਾਂ ਧਰਮ ਵਿਗਿਆਨ ਆਪਣੇ ਵਿਸ਼ੇ ਖੇਤਰ ਦੇ ਕਾਰਨ ਇਤਨਾ ਵਿਸ਼ਾਲ ਹੈ ਕਿ ਇਹ Humanities, ਸਮਾਜ ਵਿਗਿਆਨ (Social Science) ਅਤੇ ਪ੍ਰਾਕ੍ਰਿਤਕ ਵਿਗਿਆਨ (Natural Science) ਦੇ ਵਿਸ਼ਿਆਂ ਨਾਲ ਜੁੜਿਆ ਹੋਇਆ ਹੈ। ਦੂਜੇ ਹੋਰ ਵਿਸ਼ਿਆਂ ਲਈ ਸਹਾਇਕ ਵਿਸ਼ੇ (Auxiliary Disciplines) ਮੰਨਦਾ ਹੈ ਕਿਉਂਕਿ ਇਹ ਵਿਸ਼ੇ ਧਰਮ ਅਧਿਐਨ ਦੀ ਖੋਜ (Research) ਵਿਚ ਬਹੁਤ ਜ਼ਰੂਰੀ ਸਾਧਨ (necessary tools) ਦਾ ਕੰਮ ਕਰਦੇ ਹਨ।

ਧਰਮ ਅਧਿਐਨ ਦੇ ਖੇਤਰ ਵਿਚ ਜਾਂ Religionswissenschaft ਜਾਂ ਧਰਮ ਵਿਗਿਅਨ ਵਿਸ਼ੇ ਦੇ ਖੇਤਰ ਵਿਚ ਜੋ ਮੋਢੀ ਵਿਦਵਾਨ (Pioneers) ਹੋਏ ਹਨ ਉਹ ਦੂਸਰੇ ਵਿਸ਼ਿਆਂ ਵਿਚੋਂ ਆਏ ਅਤੇ ਉਨ੍ਹਾਂ ਦੀ ਬਹੁਤ ਦੇਣ ਰਹੀ ਹੈ, ਜਿਵੇਂ ਭਾਸ਼ਾ ਵਿਗਿਆਨ (Linguistics), ਮਾਨਵ ਵਿਗਿਆਨ (Ethnology, Anthropology), ਦਰਸ਼ਨ (Philosophy), ਇਤਿਹਾਸ (History), ਲੋਕ-ਗਾਥਾ (Folklore Folk Traditions), ਭਾਸ਼ਾ ਵਿਗਿਆਨ (Philology) ਮਨੋਵਿਗਿਆਨ (Psychology), ਸਮਾਜ ਸ਼ਾਸ਼ਤਰ (Sociology) ਆਦਿ। ਇਨ੍ਹਾਂ ਵਿਸ਼ਿਆਂ (Disciplines) ਨੇ ਆਦਿ ਧਰਮ (Primitive Religions & Beliefs) ਦੇ ਅਧਿਐਨ ਕਰਨ ਵਿਚ ਅਤੇ ਸਮਝਣ ਵਿਚ ਬਹੁਤ ਸਹਾਇਤਾ ਦਿੱਤੀ ਹੈ। ਇਸ ਲਈ ਸਾਰੇ ਦੂਜੇ ਵਿਸ਼ਿਆਂ ਨਾਲ ਸੰਬੰਧ ਰੱਖਣ ਕਰਕੇ ਅਤੇ ਆਪਣੇ ਵਿਸ਼ਾਲ ਅਧਿਐਨ ਖੇਤਰ ਦੇ ਕਾਰਨ (Religionswissenschaft) ਨੂੰ ਮਾਂ ਵਿਸ਼ੇ (Mother Discipline) ਦਾ ਦਰਜਾ ਪ੍ਰਾਪਤ ਹੈ।

## ਧਰਮ ਅਧਿਐਨ ਵਿਚ ਰੁਝਾਣ

**ਪਹਿਲਾ ਪੜਾਅ :** ਵੇਖਿਆ ਹੈ ਕਿ ਧਰਮ ਅਧਿਐਨ ਜਾਂ Religionswissenschaft ਜਾਂ ਧਰਮ ਵਿਗਿਆਨ ਨੂੰ ਸਹੀ ਅਰਥਾਂ ਵਿਚ ਸਥਾਪਨਾ ਅਤੇ ਵਿਦਿਅਕ ਵਿਸ਼ੇ ਦਾ ਦਰਜਾ ਆਧੁਨਿਕ ਕਾਲ (Modern Period) ਵਿਚ ਅਰਥਾਤ 19ਵੀਂ ਸਦੀ ਵਿਚ ਪ੍ਰਾਪਤ ਹੋਇਆ। ਇਸ ਦਾ ਸੰਸਥਾਪਕ Max Muller ਸੀ ਜਿਸ ਨੇ ਇਸ ਵਿਸ਼ੇ ਦਾ ਨਾਮ ਰਿਲਿਜ਼ਨਵਿਸਨਸੈਫਟ (religionswissenschaft) 1867 ਵਿਚ ਦਿੱਤਾ। ਇਹ ਵਿਸ਼ਾ ਆਪਣੇ ਵਿਸ਼ਾ ਵਸਤੂ ਅਤੇ ਪਾਠ ਖੇਤਰ ਦੇ ਕਾਰਨ ਧਰਮ ਇਤਿਹਾਸ (History of Religions) ਜਾਂ ਧਰਮ ਵਿਗਿਆਨ (Science of Religions) ਜਾਂ ਤੁਲਨਾਤਮਕ ਧਰਮ ਅਧਿਐਨ (Comparative Religions) ਦੇ ਨਾਮ ਨਾਲ ਜਾਣਿਆ ਜਾਂਦਾ ਹੈ।

Max Muller ਨੇ ਭਾਸ਼ਾ ਵਿਗਿਆਨ (Philology ) ਨੂੰ ਆਪਣੇ ਧਰਮ ਅਧਿਐਨ ਵਿਚ ਸਾਧਨ ਦੇ ਤੌਰ ਤੇ ਵਰਤਿਆ ਸੀ ਜਾਂ ਦੂਸਰੇ ਸ਼ਬਦਾਂ ਵਿਚ Max Muller ਨੇ ਭਾਸ਼ਾ ਵਿਗਿਆਨਕ ਢੰਗ (Philological Approach) ਨੂੰ ਅਪਣਾਇਆ। ਉਸ ਦੇ ਅਨੁਸਾਰ ਮਿਥਿਹਾਸ (Mythology) ਇਕ ਧਾਰਮਿਕ ਭਾਸ਼ਾ (Religious language) ਹੈ ਜਿਸ ਦੇ ਰਾਹੀਂ ਪ੍ਰਾਚੀਨ (Primitive) ਵਿਅਕਤੀ ਆਪਣੇ ਧਰਮ ਅਨੁਭਵਾਂ ਅਤੇ ਧਰਮ ਵਿਸ਼ਵਾਸ਼ਾਂ ਨੂੰ ਪ੍ਰਗਟਾਉਂਦਾ ਸੀ। ਇਸ ਭਾਸ਼ਾ ਅਰਥਾਤ ਮਿਥ ਨੂੰ Decipher ਕਰਨ ਨਾਲ ਮਿਥ (Mythology) ਨੂੰ ਸਮਝਿਆ ਜਾ ਸਕਦਾ ਹੈ ਅਤੇ ਉਸ ਦਾ ਅਧਿਐਨ ਕੀਤਾ ਜਾ ਸਕਦਾ ਹੈ ।ਧਰਮ ਦੇ ਮੂਲ ਰੂਪ ਨੂੰ ਜਾਣਨ ਸਮਝਣ ਅਤੇ ਅਧਿਐਨ ਕਰਨ ਦੇ ਮੈਕਸਮੂਲਰ ਦੇ ਯਤਨਾਂ ਨੇ ਦੂਸਰੇ ਵਿਦਵਾਨਾਂ ਨੂੰ ਉਤਸ਼ਾਹਿਤ ਕੀਤਾ ਹੈ।

ਆਰੰਭ ਵਿਚ ਧਰਮ ਅਧਿਐਨ ਦੇ ਖੇਤਰ ਵਿਚ ਜੋ ਰੁਚੀਆਂ (trends) ਮੁੱਖ ਰੂਪ ਵਿਚ ਪ੍ਰਧਾਨ ਰਹੀਆਂ ਸਨ ਉਹ ਵਿਦਵਾਨਾਂ ਦੀ ਭਿੰਨ ਭਿੰਨ ਧਰਮਾਂ ਨੂੰ ਸਮਝਣ ਜਾਂ ਜਾਣਨ ਦੀ ਇੱਛਾ ਅਤੇ ਕੋਸ਼ਿਸ਼ ਅਤੇ ਉਨ੍ਹਾਂ ਧਰਮਾਂ ਦੇ ਸਾਂਝੇ ਅਤੇ ਸਮਾਨ ਤੱਤਾਂ ਦਾ ਪਤਾ ਲਗਾਉਣਾ, ਅਤੇ ਉਨ੍ਹਾਂ ਦੀ ਉਤਪਤੀ ਅਤੇ ਵਿਕਾਸ ਦੀ ਖੋਜ ਕਰਨਾ ਸੀ। ਇਸ ਲਈ ਭਿੰਨ ਭਿੰਨ ਧਾਰਮਿਕ ਪਰੰਪਰਾਵਾਂ (Traditions) ਅਤੇ ਮਿਥਿਹਾਸ (Mythologies) ਨੇ ਉਨ੍ਹਾਂ ਦਾ ਧਿਆਨ ਖਿਚਿਆ । ਧਰਮਾਂ ਵਿਚ ਇਕੋ ਜਿਹੇ (Similar) ਅਤੇ ਸਮਾਨ (Parallel) ਤੱਥਾਂ ਦੀ ਖੋਜ ਕਰਨਾ ਧਰਮ ਅਧਿਐਨ ਵਿਚ ਮੁੱਖ ਰੁਝਾਨ ਸੀ। ਧਰਮ ਜਾਂ ਧਰਮਾਂ ਦੀ ਉਤਪਤੀ (Origin) ਅਤੇ ਮੁੱਢਲੇ ਰੂਪ (Early Forms) ਵਿਚ ਰੁਚੀ ਰੱਖਣ ਵਾਲੇ ਮੁੱਖ ਵਿਦਵਾਨ ਸਨ E.B. Tylor (1832-1917) ਜਿਸ ਨੇ ਆਪਣੀ ਪੁਸਤਕ The Primitive Culture ਵਿਚ ਆਤਮਵਾਦ ( Animistic Theory) ਨੂੰ ਵਿਕਸਿਤ ਕੀਤਾ।

Tylor ਦੇ ਅਨੁਸਾਰ ਧਰਮ ਦਾ ਜਨਮ ਆਤਮਾਵਾਂ ਦੀ ਹੋਂਦ ਵਿਚ ਵਿਸ਼ਵਾਸ਼ ( Beliefs in the existence if spirits of spiritual Beings) ਜਿਸ ਨੂੰ ਆਤਮਵਾਦ ( Animism) ਕਹਿੰਦੇ ਹਨ ਤੋਂ ਹੋਇਆ। ਆਤਮਵਾਦ (Animism) ਹੀ ਸਭ ਤੋਂ ਪਹਿਲਾ ਰੂਪ (Earliest Form) ਸੀ ਜਿਸ ਤੋਂ ਬਹੁ-ਈਸ਼ਵਰ (Pollytheism) ਅਤੇ ਬਾਅਦ ਵਿਚ ਇਕ ਈਸ਼ਰਵਾਦ (Monotheism) ਦਾ ਵਿਕਾਸ ਹੋਇਆ। ਆਰ. ਆਰ. ਮੈਰਿਟ R.R. Merret (1866-1943) ਨੇ ਮਾਨਾ (Mana) ਸਿਧਾਂਤ ਦਾ ਪ੍ਰਤੀਪਾਦਨ ਆਪਣੀ ਪੁਸਤਕ Threshold of Relogion ਵਿਚ 1909 ਵਿਚ ਕੀਤਾ ਜਿਸ ਦੇ ਅਨੁਸਾਰ Animism ਤੋਂ ਪਹਿਲਾ ਲੋਕ ਇਕ ਅਵਿਅਕਤੀਗਤ ਤਾਕਤਾਂ (Impersonal Forces) ਜਾਂ ਸ਼ਕਤੀ (Power) ਵਿਚ ਵਿਸ਼ਵਾਸ਼ ਰਖਦੇ ਸਨ ਜਿਸ ਦਾ ਪ੍ਰਤੀਕ ਮਾਨਾ (Mana) ਹੁੰਦਾ ਸੀ।

ਡਬਲਿਯੂ ਮਨਹਟ W. Mannhardt, 1831-1880), ਨੇ ਆਪਣੀ ਪੁਸਤਕ (Cults of Forests and Field, 1875) ਵਿਚ ਦਸਿਆ ਕਿ ਆਰੰਭ ਵਿਚ ਮਨੁੱਖ ਬਨਸਪਤੀ ਜਾਂ ਖੇਤੀ (Agriculture) ਦੇ ਦੇਵੀ ਦੇਵਤਿਆਂ ਵਿਚ ਜਾਂ ਫਸਲਾਂ ਦੀ ਆਤਮਾ (Corn spirits) ਵਿਚ ਵਿਸ਼ਵਾਸ਼ ਰੱਖਦਾ ਸੀ। ਇਹ ਹੀ ਆਰੰਭ ਵਿਚ ਮਨੁੱਖ ਦਾ ਧਰਮ ਸੀ। ਇਸ ਸਿਧਾਂਤ ਤੇ ਆਧਾਰਤ ਬਾਅਦ ਵਿਚ ਜੇਮਜ ਜੀ. ਫਰੇਜਰ James G. Frazer (1854-1951) ਨੇ (Golden Bough) (1890) ਵਿਚ ਜਾਦੂ ਟੂਣੇ ਦੇ ਸਿਧਾਂਤ (Magic Theory) ਦਾ ਵਿਕਾਸ ਕੀਤਾ। ਉਸ ਦੇ ਅਨੁਸਾਰ ਧਰਮ ਤੋਂ ਪਹਿਲਾਂ ਜਾਦੂ ਟੂਣਾ (magic) ਪਾਇਆ ਜਾਂਦਾ ਸੀ ਜਿਸ ਤੋਂ ਧਰਮ ਨੇ ਜਨਮ ਲਿਆ। ਦੂਸਰੇ ਸ਼ਬਦਾਂ ਵਿਚ ਧਰਮ ਦਾ ਜਨਮ ਜਾਂ ਵਿਕਾਸ ਜਾਦੂਈ ਵਿਸ਼ਵਾਸ਼ (Magical beliefs) ਅਤੇ ਜਾਦੂਈ ਵਿਉਹਾਰ (Magical Practices) ਤੋਂ ਹੋਇਆ।

ਐਂਡਰਿਊ ਲੈਂਗ (Andrew Lang, 1849-1912) ਨੇ ਆਪਣੀ ਪੁਸਤਕ King of Religion, 1998) ਵਿਚ ਇਸ ਗੱਲ ਦਾ ਖੰਡਨ ਕੀਤਾ ਕਿ ਧਰਮ ਦਾ ਜਨਮ (origin) ਆਤਮਵਾਦ (Animism) ਅਤੇ ਮਾਨਾ (Mana) ਤੋਂ ਹੋਇਆ। ਉਸ ਦੇ ਅਨੁਸਾਰ ਆਰੰਭ ਵਿਚ ਮਨੁੱਖ ਇਕ ਉੱਚ ਈਸ਼ਵਰ (High God) ਜਾਂ ਸਰਵਉੱਚ ਈਸ਼ਵਰ (supreme God ) ਵਿਚ ਵਿਸ਼ਵਾਸ਼ ਰੱਖਦਾ ਸੀ। ਇਹ ਆਦਰਸ਼ ਰੂਪ ਵਿਚ ਸ਼ੁਰੂ ਵਿਚ ਪਾਇਆ ਜਾਂਦਾ ਹੈ। ਵਿਲਹੈਲਮ ਸਿਮਦ (Wilhemlm Schimdt 1864-1953) ਨੇ Andrew Lang ਦੇ ਉੱਚ ਈਸ਼ਵਰਵਾਦ (High God theory) ਨੂੰ ਮੰਨ ਕੇ ਆਪਣੀ ਪੁਸਤਕ The Origin and growth of Religion 1931 ਵਿਚ ਆਪਣੇ ਸਿਧਾਂਤ (theory) ਦਾ ਵਿਕਾਸ ਕੀਤਾ। ਉਸ ਦਾ ਕਹਿਣਾ ਸੀ ਕਿ ਧਰਮ ਦਾ ਸਭ ਤੋਂ ਪੁਰਾਣਾ ਜਾਂ ਪ੍ਰਾਚੀਨ ਰੂਪ ਉਚ ਈਸ਼ਵਰ (High God) ਵਿਚ ਵਿਸ਼ਵਾਸ਼ ਸੀ ਜੋ ਬਾਅਦ ਵਿਚ ਵਿਗੜ

(Degenerate) ਕੇ ਬਹੁ-ਈਸ਼ਵਰਵਾਦ (Polytheism) ਵਿਚ ਬਦਲ ਗਿਆ। ਫਿਰ ਬਾਅਦ ਵਿਚ ਬਹੁ ਈਸ਼ਵਰਵਾਦ ਤੋਂ ਉੱਚ ਈਸ਼ਵਰਵਾਦ (Henotheism) (ਜਿਸ ਦਾ ਅਰਥ ਹੈ ਕਿ ਬਹੁਤ ਸਾਰੇ ਈਸ਼ਵਰਾਂ ਵਿਚ ਇਕ ਈਸ਼ਵਰ ਸਭ ਤੋਂ ਵੱਡਾ ਹੈ।) ਵਿਚ ਵਿਕਸਿਤ ਹੋਇਆ ਅਤੇ ਫਿਰ ਹੀਨੋਥੀਇਜ਼ਮ (Henotheism) ਤੋਂ ਇਕ ਈਸ਼ਵਰਵਾਦ (Monotheism) ਵਿਕਸਿਤ ਹੋਇਆ। ਈਮਾਈਲ ਦੁਰਖੀਮ (Emile durkheim, 1858-1916) ਨੇ ਆਪਣੀ ਪੁਸਤਕ (Elementary form of Religious Life 1915) ਵਿਚ ਟੋਟਮ (Totemism) ਨੂੰ ਧਰਮ ਦਾ ਆਦਿ ਰੂਪ ਦਸਿਆ। ਇਸ ਤਰ੍ਹਾਂ ਹੋਰ ਵੀ ਵਿਦਵਾਨ ਹੋਏ ਜਿਵੇਂ (Levy Bruhl, Robert H. Lowie, Paul Radin, E. Evans Pritchard, E.O,. James) ਆਦਿ ਜਿਨ੍ਹਾਂ ਨੇ ਪ੍ਰਾਚੀਨ ਧਰਮਾਂ (Primitive Religions) ਦਾ ਅਧਿਐਨ ਕੀਤਾ ਅਤੇ ਧਰਮ ਦੀ ਖੋਜ (Research) ਵਿਚ ਬਹੁਤ ਹਿੱਸਾ ਪਾਇਆ ਸੀ। ਇਹ ਮੁੱਖ ਤੌਰ ਤੇ ਧਰਮ ਸ਼ਾਸਤਰੀ ਨਹੀਂ ਸਗੋਂ ਮਾਨਵ ਵਿਗਿਆਨੀ (Anthropologist and Ethnologist) ਸਨ।

ਇਨ੍ਹਾਂ ਸਾਰੇ ਵਿਦਿਵਾਨਾਂ ਲਈ ਧਰਮ ਦੀ ਉਤਪਤੀ Origin ਅਤੇ ਵਿਕਾਸ ਹੀ ਉਨ੍ਹਾਂ ਦੀ ਖੋਜ ਅਤੇ ਅਧਿਐਨ ਦਾ ਮਹੱਤਵਪੂਰਨ ਆਕਰਸ਼ਣ ਤੇ ਰੁਝਾਣ (Trend) ਬਣਿਆ। ਜਿਸ ਦੇ ਕਾਰਨ ਧਰਮ ਦੀ ਉਤਪਤੀ ਦੇ ਸੰਬੰਧ ਵਿਚ ਕਈ ਸਿਧਾਂਤ ਪੈਦਾ ਹੋਏ ਜਿਸ ਤਰ੍ਹਾਂ ਕਿ ਆਤਮਵਾਦ (Animistic Theory), ਮਾਨਾ ਸਿਧਾਂਤ (Mana Theory), ਜਾਦੂ ਟੂਣੇ ਦਾ ਸਿਧਾਂਤ (Magic Theory) ਉਚ-ਈਸ਼ਵਰਵਾਦ (High god theory) ਅਤੇ ਟੋਟਮਵਾਦ (Totemic theory) ਧਰਮ ਅਧਿਐਨ ਦੇ ਪਹਿਲੇ ਪੜ੍ਹਾਂ ਵਿਚ 19ਵੀਂ ਸਦੀ ਦੇ ਤਿੰਨ ਚੌਥਾਈ ਹਿੱਸੇ ਵਿਚ ਇਹ ਸਿਧਾਂਤ ਪ੍ਰਬਲ ਰਹੇ , ਜਿਨ੍ਹਾਂ ਦਾ ਵਧੇਰੇ ਜੋਰ ਜਾਂ ਰੁਝਾਣ ਧਰਮ ਦਾ ਜਨਮ ਅਤੇ ਉਸ ਦੇ ਆਦਿ ਰੂਪ ਅਤੇ ਵਿਕਾਸ ਦਾ ਪਤਾ ਲਗਾਉਣਾ ਸੀ। ਇਸ ਕਾਲ ਦੇ ਵਧੇਰੇ ਵਿਦਵਾਨ Anthropologists, Ethnologists, Sociologists ਰਹੇ, ਕਿਉਂਕਿ ਇਹ ਵਿਦਵਾਨ ਇਹ ਮੰਨ ਕੇ ਤੁਰੇ ਸਨ ਕਿ ਆਦਿ ਮਾਨਵ (Primitive Man) ਮਨੁੱਖੀ ਜੀਵਨ ਨੂੰ, ਸੰਸਾਰ ਨੂੰ, ਪ੍ਰਕ੍ਰਿਤੀ ਆਦਿ ਨੂੰ ਸਮਝਣ ਦੀ ਕੋਸ਼ਿਸ਼ ਕਰ ਰਿਹਾ ਸੀ ਅਤੇ ਉਸ ਦੇ ਇਨ੍ਹਾਂ ਵਿਸ਼ਿਆਂ ਦੇ ਉੱਤਰ (Rational Answer) ਲੱਭਣ ਵਿਚ ਹੀ ਧਰਮ ਦਾ ਜਨਮ ਹੋਇਆ। ਧਰਮ ਵਿਸ਼ਵਾਸ਼ (Religious Beliefs) ਇਕ ਤਰ੍ਹਾਂ ਨਾਲ ਆਦਿ ਮਾਨਵ (Primitive man) ਦਾ ਬੌਧਿਕ ਉਤਰ (Rational Answer) ਸੀ ਜੋ ਉਸ ਨੇ ਜੀਵਨ ਅਤੇ ਸੰਸਾਰ ਦੇ ਰਹੱਸ ਨੂੰ ਸੁਲਝਾਣ ਅਤੇ ਸਮਝਣ ਵਿਚ ਉਪਲੱਬਧ ਕੀਤਾ। ਇਸ ਲਈ ਇਨ੍ਹਾਂ ਵਿਦਵਾਨਾਂ ਦੇ ਸਿਧਾਂਤ (Theories) ਅਤੇ ਖੋਜ ਅਤੇ ਵਿਚਾਰਾਂ ਵਿਚ ਕਲਪਨਾ ਤੱਤ (Speculative Element) ਮੁੱਖ ਤੌਰ ਤੇ ਪ੍ਰਧਾਨ ਰਿਹਾ। ਉਨ੍ਹਾਂ ਨੇ ਆਪਣੀਆਂ ਵਿਧੀਆਂ ਵਿਚ ਇਤਿਹਾਸ (History) ਅਤੇ ਦਰਸ਼ਨ (Philosophy) ਨੂੰ ਮਿਲਾ ਦਿੱਤਾ। ਇਸ ਕਾਲ ਵਿਚ ਧਰਮ ਅਧਿਐਨ ਵਿਚ ਧਰਮ ਵਿਗਿਆਨ ਦਾ ਤੱਤ ਘੱਟ ਸੀ ਬਲਕਿ ਇਤਿਹਾਸ ਅਤੇ ਧਰਮ ਦਰਸ਼ਨ ਦਾ ਤੱਤ ਅਤੇ ਰੁਝਾਣ ਵਧੇਰੇ ਸੀ।

**ਦੂਸਰਾ ਪੜਾਅ** : ਡੱਚ ਮੂਲ ਦਾ ਧਰਮ ਇਤਿਹਾਸਕਾਰ (Dutch Historian of Religion) ਸੀ ਪੀ ਟਾਇਲੇ (C.P. Tiele) ਦੀ ਪੁਸਤਕ (Elements of the Science of Religion) 1896-1899 ਵਿਚ ਛਪੀ, ਇਸ ਖੋਜ ਨਾਲ ਧਰਮ ਅਧਿਐਨ ਦੇ ਵਿਕਾਸ ਨੇ ਪਹਿਲੇ ਪੜਾ ਤੋਂ ਦੂਸਰੇ ਪੜਾ ਵਿਚ ਕਦਮ ਰਖਿਆ। ਬੇਸ਼ਕ Tiele ਨੇ ਧਰਮ ਅਧਿਐਨ ਵਿਚ ਇਤਿਹਾਸਕ ਤੱਤ ਨੂੰ ਮਹੱਤਵ ਦਿੱਤਾ ਪਰ ਉਹ ਵੀ ਦਾਰਸ਼ਨਿਕ ਤੱਤ (Speculative Element) ਨੂੰ ਆਪਣੇ ਅਧਿਐਨ ਤੋਂ ਦੂਰ ਨਾ ਕਰ ਸਕਿਆ ਕਿਉਂਕਿ ਉਹ ਧਰਮ ਵਿਸ਼ਵਾਸ਼ ਅਤੇ ਸਿਧਾਂਤ (Belief and dogma) ਦੇ

ਦਾਰਸ਼ਨਿਕ ਸਿਧਾਂਤ (Philosophical Doctrines) ਨੂੰ ਧਰਮ ਵਿਗਿਆਨ (Science of Religion) ਦੇ ਅੰਤਰਗਤ ਅਧਿਐਨ ਦਾ ਵਿਸ਼ਾ ਨਹੀਂ ਮੰਨਦਾ ਸੀ ਸਗੋਂ ਉਨ੍ਹਾਂ ਨੂੰ ਬ੍ਰਹਮ ਵਿਦਿਆ (Theology) ਦਾ ਵਿਸ਼ਾ ਮੰਨਦਾ ਸੀ। ਇਸ ਲਈ ਉਸ ਦੇ ਵਿਚਾਰਾਂ ਵਿਚ ਧਰਮ ਅਧਿਐਨ ਧਰਮ ਦਰਸ਼ਨ ਦਾ ਹਿੱਸਾ ਬਣਿਆ ਰਿਹਾ। ਪਰ ਉਸ ਦੀ ਇਤਿਹਾਸਕ ਅਤੇ ਵਿਗਿਆਨਕ ਵਿਧੀ (Historical, Empirical and Scientific Methodology) ਨੇ ਧਰਮ ਅਧਿਐਨ ਨੂੰ ਨਵਾਂ ਮੋੜ ਦਿੱਤਾ ਜਿਸ ਨਾਲ ਵਿਗਿਆਨਕ ਨਿਰਪੱਖਤਾ (Scientific Objectivity) ਤੇ ਵਧੇਰੇ ਜ਼ੋਰ ਦਿੱਤਾ ਜਾਣਾ ਲੱਗਾ। ਅਧਿਐਨ ਦੇ ਇਸ ਰੁਝਾਨ ਨੇ ਇਸ ਕਾਲ ਵਿਚ ਦੂਸਰੇ ਵਿਦਵਾਨਾਂ ਦਾ ਧਿਆਨ ਖਿਚਿਆ ਜਿਨ੍ਹਾਂ ਵਿਚ ਮੁੱਖ ਵਿਦਵਾਨ ਸਨ : ਉਜ਼ਨਰ (Usener), ਡੀਟਰਿਚ (Duetrucg) ਅਤੇ ਹੈਕਮੈਨ (Hackmann)। ਇਨ੍ਹਾਂ ਸਾਰਿਆਂ ਤੋਂ ਵੱਧ ਕੇ ਸਨ ਡੱਚ ਵਿਦਵਾਨ ਚਾਂਤੇਪਾਈ ਡੀ. ਲਾ. ਸੁਸਾਇ (Chantepie de La Saussaye) ਜਿਸ ਦੀ ਧਰਮ ਇਤਿਹਾਸ (History of Religions) ਤੇ ਲਿਖੀ ਗਈ ਪਾਠ ਪੁਸਤਕ ਜੋ ਪਹਿਲੀ ਵਾਰੀ 1887 ਵਿਚ ਛਪੀ ਸੀ, ਨੇ ਧਰਮ ਅਧਿਐਨ ਦੇ ਖੇਤਰ ਵਿਚ ਵਿਸ਼ੇਸ਼ ਸਥਾਨ ਪ੍ਰਾਪਤ ਕੀਤਾ। ਪ੍ਰੰਤੂ Chanepie de La Sausaye ਨੇ ਵੀ ਧਰਮ ਵਿਗਿਆਨ ਅਤੇ ਧਰਮ ਦਰਸ਼ਨ ਵਿਚ ਕੋਈ ਵਿਸ਼ੇਸ਼ ਅੰਤਰ ਨਹੀਂ ਸਮਝਿਆ। Joachim Wach ਦੇ ਅਨੁਸਾਰ ਮੈਕਸ ਸ਼ਿਲਰ (Max Scheler) ਪਹਿਲਾ ਵਿਦਵਾਨ ਸੀ ਜਿਸ ਨੇ ਦਰਸ਼ਨ ਅਤੇ ਧਰਮ ਵਿਗਿਆਨ ਦੇ ਅੰਤਰ ਨੂੰ ਸਮਝਿਆ।

ਇਸ ਪੜਾਅ ਦੇ ਬਹੁਤੇ ਵਿਦਵਾਨਾਂ ਨੇ ਧਰਮ ਦੀ ਉਤਪਤੀ (Origin) ਦੀ ਬਜਾਏ ਧਰਮ ਦੀ ਵਿਆਖਿਆ ਅਤੇ ਵਰਨਣ (Explanation and description) ਤੇ ਵਧੇਰੇ ਜ਼ੋਰ ਦਿੱਤਾ। ਧਰਮ ਦੀ ਉਤਪਤੀ ਦੇ ਕਾਰਨਾ ਦੀ ਖੋਜ ਦੀ ਥਾਂ ਧਰਮ ਦੇ ਅਰਥ (Meaning), ਤੱਤ (Essence), ਢਾਂਚੇ (Structure) ਅਤੇ ਉਸ ਦੀ ਪ੍ਰਕ੍ਰਿਤੀ (Nature) ਦੇ ਲੱਛਣਾਂ ਦੀ ਚਰਚਾ ਕਰਨਾ ਆਪਣਾ ਵਿਸ਼ਾ ਬਣਾਇਆ। ਇਸ ਕਿਸਮ ਦੇ ਰੁਝਾਣ ਅਤੇ ਰਵੱਈਏ ਨੇ ਧਰਮ ਅਧਿਐਨ ਦੀਆਂ ਭਿੰਨ-2 ਪ੍ਰਣਾਲੀਆਂ ਅਤੇ ਵਿਧੀਆਂ (Approaches and Methodologies) ਨੂੰ ਜਨਮ ਦਿੱਤਾ, ਜਿਵੇਂ ਸਮਾਜਕ ਵਿਧੀ (Sociological Approach) ਇਸ ਦੇ ਮੁੱਖ ਵਿਦਵਾਨ ਸਨ (Emile Durkheim (1858-1939) ਅਤੇ C.J. Jung (1875-1961), R. Pettazzoni (1883-1960), B. Malinowsky (1884-1942) ਨੇ ਧਰਮ ਦੇ ਅਧਿਐਨ ਵਿਚ Structural and Functional ਵਿਧੀ ਨੂੰ ਅਪਣਾਇਆ। Mircea Elidade (1907-1987) ਨੇ ਧਰਮ ਅਧਿਐਨ ਵਿਚ Symbolic Approach ਦਾ ਯੋਗਦਾਨ ਦਿੱਤਾ ਹੈ। ਪ੍ਰਪੰਚਵਾਦ (Phenomenological Approach) ਵਿਚ ਵਿਸ਼ੇਸ਼ ਯੋਗਦਾਨ Rudolf Otto (1869-1937), Jean Hearing ਅਤੇ ਵਿਸ਼ੇਸ਼ ਤੌਰ ਤੇ G. Van Der Leeuw (1890-1950) ਅਤੇ W. B. Kristensen ਦਾ ਰਿਹਾ ਹੈ।

ਵਰਤਮਾਨ ਸਮੇਂ ਵਿਚ ਧਰਮ ਅਧਿਐਨ ਦੇ ਵਿਸ਼ੇ ਵਿਚ ਹੋਰ ਵੀ ਅਨੇਕਾਂ ਵਿਦਵਾਨਾਂ ਦਾ ਯੋਗਦਾਨ ਰਿਹਾ ਹੈ ਜਿਨ੍ਹਾਂ ਸਾਰਿਆਂ ਦਾ ਜ਼ਿਕਰ ਕਰਨਾ ਕਠਿਨ ਹੈ। ਧਰਮ ਅਧਿਐਨ ਨੂੰ ਪੂਰੀ ਤਰ੍ਹਾਂ ਨਾਲ ਧਰਮ ਵਿਗਿਆਨ (Science Religion) ਦੇ ਨਾਮ ਨਾਲ ਇਕ ਵਿਦਿਅਕ ਵਿਸ਼ੇ ਦੇ ਰੂਪ ਵਿਚ ਸਥਾਪਤ ਕਰਨ ਵਿਚ ਅਜੋਕੇ ਜਿਨ੍ਹਾਂ ਵਿਦਵਾਨਾਂ ਦਾ ਯੋਗਦਾਨ ਰਿਹਾ ਹੈ ਉਹ ਇਹ ਹਨ : Joachim Wach, Mircea Elidade, Joseph M. Kitagawea and Wilfred Cantwell Smith।

Mircea Eliade ਦੇ ਅਨੁਸਾਰ ਵਰਤਮਾਨ ਧਰਮ ਅਧਿਐਨ ਦੇ ਵਿਦਵਾਨਾਂ (Historians of

Religions) ਨੂੰ ਉਨ੍ਹਾਂ ਦੀ ਅਧਿਐਨ ਵਿਧੀ ਦੇ ਆਧਾਰ ਤੇ ਦੋ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ। ਇਕ ਤਾਂ ਉਹ ਜੋ ਧਰਮ ਦੇ ਲੱਛਣਾਂ ਅਤੇ ਢਾਂਚੇ (Structure) ਦੇ ਅਧਿਐਨ ਤੇ ਜ਼ੋਰ ਦਿੰਦੇ ਹਨ ਅਤੇ ਦੂਸਰੇ ਉਹ ਹਨ ਜਿਹੜੇ ਧਰਮ ਦੇ ਇਤਿਹਾਸਕ ਸੰਦਰਭ ਦੀ ਖੋਜ ਤੇ ਜ਼ੋਰ ਦਿੰਦੇ ਹਨ। ਪਹਿਲੇ ਵਰਗ ਦੇ ਵਿਦਵਾਨ, ਧਰਮ ਦੇ ਤੱਤ (Essence) ਨੂੰ ਜਾਣਨ ਦਾ ਯਤਨ ਕਰਦੇ ਹਨ, ਦੂਸਰੇ ਵਰਗ ਦੇ ਵਿਦਵਾਨ ਧਰਮ ਦੇ ਇਤਿਹਾਸ ਦਾ ਪਤਾ ਲਗਾਉਣ ਵਿਚ ਰੁਚੀ ਰੱਖਦੇ ਹਨ।

## ਭਾਰਤ ਵਿਚ ਤੁਲਨਾਤਮਕ ਧਰਮ ਅਧਿਐਨ

ਉਪਰੋਕਤ ਚਰਚਾ ਦੇ ਅਧਾਰ ਤੇ ਜਿਵੇਂ ਧਰਮ ਨੂੰ ਪਰਿਭਾਸ਼ਤ ਕੀਤਾ ਗਿਆ ਹੈ, ਉਨ੍ਹਾਂ ਅਰਥਾਂ ਵਿਚ ਧਰਮ ਅਧਿਐਨ ਭਾਰਤ ਵਿਚ ਪੂਰਨ ਰੂਪ ਵਿਚ ਵਿਕਸਿਤ ਨਹੀਂ ਹੋਇਆ। ਭਾਰਤ ਵਿਚ ਧਰਮ ਦਾ ਥੋੜ੍ਹਾ ਬਹੁਤ ਵਿਦਿਅਕ ਅਧਿਐਨ ਦੂਸਰੇ ਵਿਸ਼ਿਆਂ ਜਿਵੇਂ ਦਰਸ਼ਨ, ਇਤਿਹਾਸ, ਸਮਾਜ ਸ਼ਾਸ਼ਤਰ (Sociology) ਅਤੇ ਭਾਸ਼ਾ ਆਦਿ ਦੇ ਅੰਤਰਗਤ ਹੁੰਦਾ ਰਿਹਾ ਹੈ। ਭਾਰਤ ਦੀ ਆਜ਼ਾਦੀ ਤੋਂ ਪਿਛੋਂ ਧਰਮ ਅਧਿਐਨ ਨੂੰ ਸੁਤੰਤਰ ਵਿਸ਼ੇ ਦੇ ਰੂਪ ਵਿਚ ਪਾਠਕ੍ਰਮ ਜਾਂ ਸਿਖਿਆ ਦੇ ਪ੍ਰੋਗਰਾਮ (Educational Programme) ਵਿਚ ਸ਼ਾਮਲ ਕਰਨ ਤੇ ਵਿਚਾਰ ਸ਼ੁਰੂ ਹੋਇਆ ਇਸ ਸਿਲਸਿਲੇ ਵਿਚ ਭਾਰਤ ਸਰਕਾਰ ਦੁਆਰਾ ਨਿਯੁਕਤ ਕਮਿਸ਼ਨਾਂ ਵਿਚ ਇਸ ਪ੍ਰਸ਼ਨ ਤੇ ਧਿਆਨ ਵੀ ਦਿੱਤਾ। (Radha Krishnan Commission, Sri Parakasa Committee ਅਤੇ Kothari Commission) ਨੇ ਧਰਮ ਅਧਿਐਨ ਵਿਸ਼ੇ ਨੂੰ ਭਾਰਤ ਵਿਸ਼ਵ ਵਿਦਿਆਲਿਆਂ ਵਿਚ ਆਰੰਭ ਕਰਨ ਦੀ ਸਿਫਾਰਸ਼ ਵੀ ਕੀਤੀ ਪਰ ਇਸ ਨੂੰ ਪੂਰੀ ਤਰ੍ਹਾਂ ਲਾਗੂ ਨਹੀਂ ਕੀਤਾ ਗਿਆ।

Osmania University ਨੇ ਤੁਲਨਾਤਮਕ ਧਰਮ ਅਧਿਐਨ ਦੀ ਸ਼ੁਰੂਆਤ ਕੀਤੀ ਸੀ ਪਰ ਇਹ ਸਫਲ ਰੂਪ ਵਿਚ ਚਲ ਨਾ ਸਕਿਆ । ਧਰਮ ਅਧਿਐਨ ਨੂੰ ਪੂਰੀ ਤਰ੍ਹਾਂ ਸੁਤੰਤਰ ਵਿਦਿਅਕ ਵਿਸ਼ੇ ਦੇ ਰੂਪ ਪੜ੍ਹਾਏ ਜਾਣ ਦੀ ਸ਼ੁਰੂਆਤ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ 1967 ਵਿਚ ਕੀਤੀ ਅਤੇ ਧਰਮ ਦੇ ਅਧਿਐਨ ਨੂੰ ਬਹੁਤ ਸਫਲਤਾ ਨਾਲ ਅਗਾਂਹ ਵਧਾਇਆ। ਇਸ ਤੋਂ ਉਤਸ਼ਾਹਿਤ ਹੋ ਕੇ ਭਾਰਤ ਦੀਆਂ ਕੁਝ ਹੋਰ ਯੂਨੀਵਰਸਿਟੀਆਂ ਨੇ ਧਰਮ ਅਧਿਐਨ ਨੂੰ ਵਿਦਿਅਕ ਵਿਸ਼ੇ ਦੇ ਤੌਰ ਤੇ ਆਪਣੇ ਪਾਠਕ੍ਰਮ ਵਿਚ ਸ਼ਾਮਲ ਕਰ ਲਿਆ ਹੈ।

ਧਰਮ ਅਧਿਐਨ ਦੇ ਭਾਰਤੀ ਵਿਦਵਾਨਾਂ ਦੇ ਸਾਹਮਣੇ ਕਈ ਚੁਣੌਤੀਆਂ ਹਨ, ਜਿਵੇਂ ਕਿਸ ਵਿਧੀ ਨਾਲ ਧਰਮ ਅਧਿਐਨ ਵਿਸ਼ੇ ਨੂੰ ਪੜ੍ਹਾਇਆ ਜਾਵੇ, ਇਸ ਦੇ ਯੋਗਦਾਨ ਨੂੰ ਉਭਾਰਿਆ ਜਾਵੇ ਅਤੇ ਇਸ ਨੂੰ ਹਰਮਨ ਪਿਆਰਾ ਵਿਸ਼ਾ ਬਣਾਇਆ ਜਾਵੇ। ਭਾਰਤੀ ਵਿਦਵਾਨਾਂ ਨੇ ਇਹ ਵੀ ਖੋਜ ਕਰਨੀ ਹੈ ਕਿ ਭਾਰਤ ਵਿਚ ਜੋ ਧਰਮ ਅਧਿਐਨ ਦੇ ਮਹਾਨ ਵਿਦਵਾਨ ਹੋਏ ਹਨ ਉਨ੍ਹਾਂ ਦਾ ਕੀ ਯੋਗਦਾਨ ਰਿਹਾ, ਕੀ ਰੁਝਾਣ ਰਿਹਾ ਜਿਵੇਂ ਕਿ ਡਾ. ਰਾਧਾ ਕ੍ਰਿਸ਼ਨਨ, ਏ. ਕੇ. ਕੁਮਾਰ ਸਵਾਮੀ ਅਤੇ ਪੀ. ਵੀ. ਕਣੇ ਆਦਿ ਨੇ ਕਿਹੜੀ ਖੋਜ ਵਿਧੀ ਅਪਣਾਈ ਅਤੇ ਉਸ ਦੇ ਕੀ ਨਤੀਜੇ ਨਿਕਲੇ ?

Type Setting :

Department of Distance Education, Punjabi University, Patiala.